# ਲਿੰਗੀ ਹਮਲੇ ਦੇ ਬਚੇ ਹੋਏ ਸ਼ਿਕਾਰਾਂ (Survivors) ਲਈ ਇੱਕ ਗਾਇਡ

ਪਿਆਰੇ ਬਚੇ ਹੋਏ ਲੋਕੋ,

ਅਸੀਂ ਸਮਝਦੇ ਹਾਂ ਕਿ ਇਹ ਤੁਹਾਡੇ ਲਈ ਬਹੁਤ ਮੁਸ਼ਕਲ ਸਮਾਂ ਹੈ। ਤੁਹਾਡੇ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਟੋਰੋਂਟੋ ਪੁਲਿਸ ਸਰਵਿਸ (ਟੀਪੀਐਸ) ਸਹਾਇਤਾ ਅਤੇ ਸਹਾਰਾ ਪ੍ਰਦਾਨ ਕਰਨ ਲਈ ਮੌਜੂਦ ਹੈ।

ਟੀਪੀਐਸ (TPS) ਮੰਨਦੀ ਹੈ ਕਿ ਲਿੰਗੀ ਹਮਲੇ ਨਾਲ ਪ੍ਰਭਾਵਿਤ ਹੋਣ ਵਾਲੇ ਹਰ ਵਿਅਕਤੀ ਨਾਲ ਆਦਰ ਅਤੇ ਮਾਣ, ਨਿਰਪੱਖਤਾ ਅਤੇ ਇਮਾਨਦਾਰੀ ਅਤੇ ਪੇਸ਼ੇਵਰ ਅਤੇ ਪੱਖਪਾਤ ਤੋਂ ਮੁਕਤ ਢੰਗ ਨਾਲ ਸਲੂਕ ਕੀਤੇ ਜਾਣਾ ਚਾਹੀਦਾ ਹੈ।

ਸਾਡੀ ਡਿਊਟੀ ਪੇਸ਼ੇਵਰ ਅਤੇ ਗਹਨ ਛਾਣਬੀਣ ਕਰਕੇ ਕੇਸ ਦਾ ਉਚਿਤ ਨਿਰਾਕਰਨ ਕਰਵਾਉਣਾ ਅਤੇ ਉਸੀ ਵਕਤ ਤੁਹਾਡੀ ਸਹਾਇਤਾ ਕਰਨ ਲਈ ਤੁਹਾਨੂੰ ਜਰੂਰੀ ਜਾਣਕਾਰੀ ਅਤੇ ਸਾਧਨ ਮੁਹੱਈਆ ਕਰਨਾ ਹੈ।

ਲਿੰਗੀ ਹਮਲੇ ਨਾਲ ਪ੍ਰਭਾਵਿਤ ਹੋਏ ਵਿਅਕਤੀ ਵਜੋਂ, ਤੁਸੀਂ ਇਸ ਗਾਇਡ ਤੱਕ ਪਹੁੰਚ ਕੇ ਅਤੇ/ਜਾਂ ਸਾਡੀ ਵੈੱਬਸਾਇਟ ਤੇ ਨਜ਼ਰ ਮਾਰ ਕੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਇਸ ਸਾਧਨ ਗਾਇਡ ਵਿੱਚ ਲਿੰਗੀ ਹਮਲਿਆਂ ਦੀਆਂ ਛਾਣਬੀਣਾਂ, ਸੰਭਾਵੀ ਨਤੀਜਿਆਂ ਅਤੇ ਫੌਜਦਾਰੀ (criminal) ਅਦਾਲਤ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਸ਼ਾਮਲ ਹੈ। ਅਸੀਂ ਮਾਲੀ ਮੁਆਵਜ਼ਾ ਪ੍ਰੋਗਰਾਮਾਂ ਅਤੇ ਟੋਰੋਂਟੋ ਵਿੱਚ ਪੇਸ਼ੇਵਰ ਸਲਾਹ ਮਸ਼ਵਰੇ (ਕਾਉਂਸਲਿੰਗ) ਅਤੇ ਸਹਾਰਿਆਂ ਤੱਕ ਕਿਵੇਂ ਪਹੁੰਚਣਾ ਹੈ ਬਾਰੇ ਵੀ ਜਾਣਕਾਰੀ ਸ਼ਾਮਲ ਕੀਤੀ ਹੈ।

ਜੇ ਤੁਸੀਂ ਪੁਲਿਸ ਨੂੰ ਰਿਪੋਰਟ ਨਹੀਂ ਕਰਨਾ ਚਾਹੁੰਦੇ,ਜਾਂ ਤੁਹਾਨੂੰ ਉਹ ਫੈਸਲਾ ਕਰਨ ਵਾਸਤੇ ਸਮੇਂ ਅਤੇ ਸਹਾਰੇ ਦੀ ਲੋੜ ਹੈ, ਤਾਂ ਅਸੀਂ ਅਜਿਹੀਆਂ ਕਈ ਏਜੰਸੀਆਂ ਨਾਲ ਭਾਗੀਦਾਰੀ ਕੀਤੀ ਹੈ ਜਿਹੜੀਆਂ ਇਸ ਮੁਸ਼ਕਲ ਸਮੇਂ ਦੇ ਦੌਰਾਨ ਤੁਹਾਡੀ ਮਦਦ ਕਰ ਸਕਦੀਆਂ ਹਨ।ਇੰਨ੍ਹਾਂ ਏਜੰਸੀਆਂ ਦੀ ਸੂਚੀ ਅਤੇ ਉਨ੍ਹਾਂ ਦੀ ਸੰਪਰਕ ਜਾਣਕਾਰੀ ਇਸ ਪੁਸਤਿਕਾ ਦੇ ਪਿਛਲੇ ਪਾਸੇ ਸਥਿਤ ਹੈ।

ਸਾਡਾ ਟੀਚਾ ਜ਼ਿੰਮੇਵਾਰ ਵਿਅਕਤੀ(ਆਂ) ਦੀ ਪਛਾਣ ਕਰਨਾ, ਉਨ੍ਹਾਂ ਨੂੰ ਗਿਰਫ਼ਤਾਰ ਕਰਨਾ ਅਤੇ ਉਨ੍ਹਾਂ ਤੇ ਮੁਕੱਦਮਾ ਚਲਾਉਣਾ ਹੈ। ਇਸ ਦੇ ਨਾਲ ਹੀ, ਅਸੀਂ ਤੁਹਾਡੀਆਂ ਉਨ੍ਹਾਂ ਚੋਣਾਂ ਦਾ ਸਮਰਥਨ ਕਰਦੇ ਹਾਂ ਜਿਹੜੀਆਂ ਤੁਸੀਂ ਬਚੇ ਹੋਏ ਸ਼ਿਕਾਰ ਦੀ ਤਰ੍ਹਾਂ ਉਸ ਪ੍ਰਕਿਰਿਆ ਬਾਰੇ ਕਰਦੇ ਹੋ ਜਿਹੜੀ ਤੁਹਾਡੇ ਲਈ ਸਭ ਤੋਂ ਵਧੀਆ ਹੈ।

# ਗਾਇਡ ਦੀ ਸਮੱਗਰੀ


ਮੈਂ ਇਸ ਸਮੇਂ ਦੌਰਾਨ ਕੀ ਮਹਿਸੂਸ ਕਰ ਰਹੀ/ਰਿਹਾ ਹੋਵਾਂਗੀ/ਗਾਂ?
ਮੈਂ ਇੱਕ ਸਾਥੀ, ਮਾਤਾ-ਪਿਤਾ ਜਾਂ ਦੋਸਤ ਹਾਂ: ਮੈਂ ਕੀ ਕਰ ਸਕਦੀ/ਦਾ ਹਾਂ?
ਲਿੰਗੀ ਹਮਲਾ ਕੀ ਹੈ?
ਲਿੰਗੀ ਗਤੀਵਿਧੀ ਵਾਸਤੇ ਸਹਿਮਤੀ ਦੇਣ ਦਾ ਕੀ ਮਤਲਬ ਹੈ?
ਕੀ "ਨਾ" ਕਹਿਣਾ ਇਹ ਦਿਖਾਉਣ ਦਾ ਇਕੱਲਾ ਤਰੀਕਾ ਹੈ ਕਿ ਮੈਂ ਸਹਿਮਤੀ ਨਹੀਂ ਦਿੰਦੀ/ਦਾ?
ਜੇ ਮੈਂ ਪਹਿਲਾਂ ਲਿੰਗੀ ਗਤੀਵਿਧੀ ਲਈ ਤਿਆਰ ਹੋ ਜਾਂਦੀ/ਦਾ ਹਾਂ, ਅਤੇ ਫਿਰ ਆਪਣਾ ਫੈਸਲਾ ਬਦਲ ਲੈਂਦੀ/ਦਾ ਹਾਂ ਤਾਂ ਕੀ?
ਲਿੰਗੀ ਹਮਲੇ ਤੋਂ ਬਾਅਦ ਮੇਰੇ ਕੋਲ ਕੀ ਵਿਕਲਪ ਹਨ?
ਕੀ ਮੈਂ ਲਿੰਗੀ ਹਮਲਾ ਹੋਣ ਤੋਂ ਕਈ ਸਾਲਾਂ ਬਾਅਦ ਉਸ ਦੀ ਰਿਪੋਰਟ ਕਰ ਸਕਦੀ/ਦਾ ਹਾਂ?
ਜੇ ਮੈਂ ਦੇਹ ਵਪਾਰ (ਸੈਕਸ ਟ੍ਰੇਡ) ਵਿੱਚ ਕੰਮ ਕਰਦੀ/ਦਾ ਹਾਂ ਤਾਂ ਕੀ? ਜੇ ਪੁਲਿਸ ਨੂੰ ਪਤਾ ਲਗ ਜਾਂਦਾ ਹੈ ਤਾਂ ਕੀ ਮੈਨੂੰ ਗਿਰਫ਼ਤਾਰ ਕਰ ਲਿਆ ਜਾਏਗਾ?
ਜੇ ਮੈਂ ਪੁਲਿਸ ਨੂੰ ਰਿਪੋਰਟ ਕਰਦੀ/ਦਾ ਹਾਂ ਤਾਂ ਕੀ ਮੇਰੇ ਇੰਮੀਗ੍ਰੇਸ਼ਨ ਦਰਜੇ ਤੇ ਅਸਰ ਪਏਗਾ?
ਕੀ ਮੈਨੂੰ ਮੇਰੇ ਇੰਮੀਗ੍ਰੇਸ਼ਨ ਦਰਜੇ ਦੇ ਬਾਰੇ ਪੁੱਛਿਆ ਜਾਏਗਾ?
ਜੇ ਮੈਨੂੰ ਕੋਈ ਅਪਾਹਜਪੁਣਾ ਹੈ ਤਾਂ ਕੀ? ਮੈਂ ਪੁਲਿਸ ਨੂੰ ਫੋਨ ਕਿਵੇਂ ਕਰਾਂ?
ਜੇ ਮੈਂ ਪੁਲਿਸ ਨੂੰ ਫੋਨ ਕਰਦੀ/ਦਾ ਹਾਂ, ਅਗੇ ਕੀ ਹੁੰਦਾ ਹੈ?
ਸੇਕਸ਼ੂਅਲ ਅਸੌਲਟ ਐਵੀਡੇਂਸ ਕਿਟ (ਐਸਏਈਕੇ) (Sexual Assault Evidence Kit (SAEK)) ਕੀ ਹੈ ?
ਐਸਏਈਕੇ (SAEK) ਕਿਥੇ ਕੀਤਾ ਜਾਏਗਾ?
ਕੀ ਮੇਰੇ ਕੋਲ ਐਸਏਈਕੇ (SAEK) ਸੰਬੰਧੀ ਵਿਕਲਪ ਹਨ?
ਮੇਰੇ ਪੁਲਿਸ ਕੋਲ ਐਸਏਈਕੇ (SAEK) ਰੀਲਿਜ਼ ਕੀਤੇ ਜਾਣ ਲਈ ਸਹਿਮਤੀ ਦੇਣ ਤੋਂ ਬਾਅਦ ਕੀ ਹੁੰਦਾ ਹੈ?
ਹੋਰ ਕਿਹੜੀਆਂ ਕਿਸਮਾਂ ਦੇ ਪ੍ਰਮਾਣ ਮੇਰੇ ਕੇਸ ਲਈ ਢੁੱਕਵੇਂ ਹੋ ਸਕਦੇ ਹਨ?
ਮੇਰੇ ਕੇਸ ਦੀ ਛਾਣਬੀਣ ਕੌਣ ਕਰੇਗਾ?
ਕੀ ਸਾਰਿਆਂ ਨੂੰ ਪਤਾ ਲਗ ਜਾਏਗਾ ਕਿ ਮੇਰੇ ਨਾਲ ਕੀ ਹੋਇਆ ਸੀ?
ਗਿਰਫ਼ਤਾਰੀ ਤੋਂ ਬਾਅਦ ਕੀ ਹੁੰਦਾ ਹੈ?
ਜੇ ਅਪਰਾਧੀ ਪਕੜਿਆ ਨਹੀਂ ਜਾਂਦਾ ਤਾਂ ਕੀ?
ਕੀ ਪੁਲਿਸ ਹਮੇਸ਼ਾ ਮੁਲਜ਼ਮ ਤੇ ਆਰੋਪ (charge) ਲਗਾਉਂਦੀ ਹੈ?
ਅਦਾਲਤ ਦੀ ਕਾਰਵਾਈ ਵਿੱਚ ਕਿੰਨਾਂ ਸਮਾਂ ਲਗਦਾ ਹੈ?
ਅਦਾਲਤ ਵਿੱਚ ਕੀ ਹੁੰਦਾ ਹੈ?
ਪ੍ਰਾਰੰਭਕ (preliminary) ਸੁਣਵਾਈ ਕੀ ਹੁੰਦੀ ਹੈ?
ਮੁਕੱਦਮਾ (trial) ਕੀ ਹੁੰਦਾ ਹੈ?
ਕੀ ਮੈਨੂੰ ਅਦਾਲਤ ਵਿੱਚ ਗਵਾਹੀ ਦੇਣੀ ਪਵੇਗੀ?
ਜੇ ਮੈਂ ਅੰਗਰੇਜ਼ੀ ਵਿੱਚ ਗੱਲਬਾਤ ਕਰਨ ਵਿੱਚ ਸੁਖਾਵੀਂ/ਵਾਂ ਨਹੀਂ ਹਾਂ ਤਾਂ ਕੀ?
ਇੱਕ ਵਿਕਟਮ ਇੰਮਪੈਕਟ ਸਟੇਟਮੈਂਟ (Victim Impact Statement) ਕੀ ਹੈ?

**ਜੱਜ ਕਿਸ ਕਿਸਮ ਦੀ ਸਜ਼ਾ ਦਾ ਹੁਕਮ ਦੇ ਸਕਦਾ ਹੈ?**
**ਪੈਰੋਲ (Parole) ਕੀ ਹੈ?**
**ਅਪਰਾਧੀ ਨੂੰ ਜੇਲ੍ਹ ਤੋਂ ਕਦੋਂ ਰਿਹਾ ਕੀਤਾ ਜਾਏਗਾ?**
***ਕਨੇਡੀਅਨ ਵਿਕਟਮਜ਼ ਬਿਲ ਆਫ ਰਾਇਟਸ (ਸੀਵੀਬੀਆਰ) (Canadian Victims Bill of Rights* (CVBR)) ਕੀ ਹੈ?**
**ਕੀ ਮੈਂ ਕੋਈ ਵੀ ਮਾਲੀ ਮੁਆਵਜ਼ੇ ਲਈ ਯੋਗ ਹਾਂ?**
**ਮੈਂ ਟੋਰੋਂਟੋ ਵਿੱਚ ਸਹਾਇਤਾ ਅਤੇ ਸਲਾਹ ਮਸ਼ਵਰਾ ਕਿਥੇ ਲੱਭ ਸਕਦੀ/ਦਾ ਹਾਂ ?**

## ਮੈਂ ਇਸ ਸਮੇਂ ਦੌਰਾਨ ਕੀ ਮਹਿਸੂਸ ਕਰ ਰਹੀ/ਰਿਹਾ ਹੋਵਾਂਗੀ/ਗਾਂ?

ਮਹਿਸੂਸ ਕਰਨ ਲਈ ਕੋਈ ਵੀ "ਸਹੀ" ਢੰਗ ਨਹੀਂ ਹੈ। ਲਿੰਗੀ ਹਮਲੇ ਕਰਕੇ ਸਦਮਾ ਹੋ ਸਕਦਾ ਹੈ, ਅਤੇ ਉਸ ਦਾ ਨਤੀਜਾ ਘਟਨਾ ਦੇ ਦੌਰਾਨ ਅਤੇ ਉਸ ਤੋਂ ਬਾਅਦ ਦੋਵੇਂ ਸਮਿਆਂ ਤੇ, ਵੱਖ ਵੱਖ ਕਿਸਮ ਦੀਆਂ ਭਾਵਨਾਵਾਂ, ਵਿਚਾਰ, ਅਹਿਸਾਸ ਅਤੇ ਜਜ਼ਬਾਤ ਹੋ ਸਕਦਾ ਹੈ। ਬਹੁਤ ਜਿਆਦਾ ਤਣਾਅ ਵਾਲੀਆਂ ਸਥਿਤੀਆਂ ਪ੍ਰਤੀ ਪ੍ਰਤੀਕਿਰਿਆਵਾਂ ਇੱਕ ਵਿਅਕਤੀ ਤੋਂ ਦੂਸਰੇ ਤੱਕ ਵੱਖ ਵੱਖ ਹੁੰਦੀਆਂ ਹਨ ਅਤੇ ਸਾਰੇ ਲੋਕ ਤੀਬਰਤਾ ਦੇ ਇੱਕੋ ਸਤਰ ਤੇ, ਨਾ ਹੀ ਇੱਕੋ ਜਿਹੇ ਸਮੇਂ ਲਈ ਇੱਕੋ ਜਿਹੀਆਂ ਪ੍ਰਤੀਕਿਰਿਆਵਾਂ ਦਾ ਅਨੁਭਵ ਕਰਨਗੇ। ਪਰ, ਇਹ ਸਮਝਣਾ ਮਹੱਤਵਪੂਰਨ ਹੈ ਕਿ ਜੋ ਵੀ ਪ੍ਰਤੀਕਿਰਿਆ ਹੁੰਦੀ ਹੈ, ਉਹ ਸੁਭਾਵਿਕ ਮਨੁੱਖੀ ਪ੍ਰਤੀਕਿਰਿਆ ਹੈ। ਇਸ ਪੁਸਤਿਕਾ ਦੇ ਪਿਛਲੇ ਪਾਸੇ, ਤੁਹਾਨੂੰ ਅਜਿਹੀਆਂ ਏਜੰਸੀਆਂ ਦੀ ਸੂਚੀ ਅਤੇ ਉਨ੍ਹਾਂ ਦੀ ਸੰਪਰਕ ਜਾਣਕਾਰੀ ਮਿਲੇਗੀ ਜਿਹੜੀਆਂ ਹੋ ਸਕਦਾ ਹੈ ਇਸ ਮੁਸ਼ਕਲ ਸਮੇਂ ਦੌਰਾਨ ਤੁਹਾਡੀ ਸਹਾਇਤਾ ਕਰਨ।

## ਮੈਂ ਇੱਕ ਸਾਥੀ, ਮਾਤਾ-ਪਿਤਾ ਜਾਂ ਦੋਸਤ ਹਾਂ: ਮੈਂ ਕੀ ਕਰ ਸਕਦੀ/ਦਾ ਹਾਂ?

ਉਹ ਲੋਕ ਜਿੰਨ੍ਹਾਂ ਤੇ ਲਿੰਗੀ ਹਮਲਾ ਕੀਤਾ ਗਿਆ ਹੈ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਦੋਸਤਾਂ ਦੇ ਸਹਾਰੇ ਦੀ ਲੋੜ ਹੁੰਦੀ ਹੈ। ਬਚੇ ਹੋਏ ਸ਼ਿਕਾਰ ਸ਼ਰਮਸਾਰ, ਸ਼ਰਮਿੰਦਾ,ਉਦਾਸੀਨ ਅਤੇ ਭੈਭੀਤ ਮਹਿਸੂਸ ਕਰ ਸਕਦੇ ਹਨ। ਸੰਭਵ ਹੋ ਸਕਦਾ ਹੈ ਕਿ ਉਹ ਕੀ ਹੋਇਆ ਸੀ ਬਾਰੇ ਗੱਲ ਨਾ ਕਰਨਾ ਚਾਹੁਣ। ਜਦੋਂ ਉਹ ਗੱਲ ਕਰਨ ਲਈ ਤਿਆਰ ਹੋਣ ਤਾਂ ਸੁਣਨ ਲਈ ਤਿਆਰ ਹੋਵੋ। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਉਨ੍ਹਾਂ ਦੀ ਪਰਵਾਹ ਕਰਦੇ ਹੋ ਅਤੇ ਜੋ ਹੋਇਆ ਉਸ ਲਈ ਉਨ੍ਹਾਂ ਬਾਰੇ ਰਾਏ ਨਹੀਂ ਬਣਾਉਂਦੇ ਜਾਂ ਉਨ੍ਹਾਂ ਨੂੰ ਦੋਸ਼ ਨਹੀਂ ਦਿੰਦੇ। ਪ੍ਰਕਿਰਿਆ ਦੇ ਦੌਰਾਨ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਚੋਣਾਂ ਵਿੱਚ ਉਨ੍ਹਾਂ ਦਾ ਸਮਰਥਨ ਕਰਨ ਲਈ ਮੌਜੂਦ ਰਹੋ। ਸੰਭਵ ਹੈ ਕਿ ਉਹ ਦੋਸ਼ੀ ਮਹਿਸੂਸ ਕਰਨ, ਪਰ ਜੋ ਹੋਇਆ ਉਹ ਕਦੇ ਵੀ ਉਨਾਂ ਦੀ ਗਲਤੀ ਨਹੀਂ ਹੈ। ਤੁਸੀਂ ਉਨ੍ਹਾਂ ਨੂੰ ਇਹ ਸੁਨੇਹਾ ਦੇਕੇ ਬਹੁਤ ਮਦਦਗਾਰ ਹੋ ਸਕਦੇ ਹੋ।

ਇਸ ਪੁਸਤਿਕਾ ਦੇ ਪਿਛਲੇ ਪਾਸੇ, ਤੁਹਾਨੂੰ ਅਜਿਹੀਆਂ ਏਜੰਸੀਆਂ ਦੀ ਸੂਚੀ ਅਤੇ ਉਨ੍ਹਾਂ ਦੀ ਸੰਪਰਕ ਜਾਣਕਾਰੀ ਮਿਲੇਗੀ ਜਿਹੜੀਆਂ ਹੋ ਸਕਦਾ ਹੈ ਇਸ ਮੁਸ਼ਕਲ ਸਮੇਂ ਦੌਰਾਨ ਤੁਹਾਡੀ ਅਤੇ ਤੁਹਾਡੇ ਪਿਆਰੇ ਦੀ ਸਹਾਇਤਾ ਕਰਨ।

## ਲਿੰਗੀ ਹਮਲਾ ਕੀ ਹੈ?

ਲਿੰਗੀ ਹਮਲਾ ਕੋਈ ਵੀ ਅਣਚਾਹਿਆ ਲਿੰਗੀ ਸੰਪਰਕ ਹੈ। ਲਿੰਗੀ ਹਮਲਾ ਕਿਸੇ ਤੇ ਵੀ ਹੋ ਸਕਦਾ ਹੈ, ਲਿੰਗ, ਉਮਰ ਅਤੇ ਸਭਿਆਚਾਰਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ। ਇਸ ਵਿੱਚ ਸ਼ਾਮਲ ਹਨ, ਪਰ ਇੰਨ੍ਹਾਂ ਤੱਕ ਸੀਮਿਤ ਨਹੀਂ, ਅਣਚਾਹਿਆ ਚੁੰਮਣਾ, ਸਪਰਸ਼ ਕਰਨਾ, ਪਰਵੇਸ਼ (penetration) ਜਾਂ ਪਰਵੇਸ਼ ਦੀ ਕੋਸ਼ਿਸ਼।

ਲਿੰਗੀ ਹਮਲਾ ਕਿਸੇ ਵੀ ਦੁਆਰਾ ਕੀਤਾ ਜਾ ਸਕਦਾ ਹੈ; ਇੱਕ ਅਜਨਬੀ, ਦੋਸਤ, ਸਾਥੀ, ਪਰਿਵਾਰ ਦਾ ਮੈਂਬਰ ਜਾਂ ਅਧਿਕਾਰ ਦੀ ਹੈਸੀਅਤ ਵਾਲਾ ਵਿਅਕਤੀ।

## ਲਿੰਗੀ ਗਤੀਵਿਧੀ ਵਾਸਤੇ ਸਹਿਮਤੀ ਦੇਣ ਦਾ ਕੀ ਮਤਲਬ ਹੈ?

ਸਹਿਮਤੀ ਭਾਗੀਦਾਰਾਂ ਦੁਆਰਾ ਖਾਸ ਲਿੰਗੀ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ, ਬਰਾਬਰੀ ਨਾਲ ਦਿੱਤੀ ਗਈ, ਸਵੈਇਛੱਤ ਅਤੇ ਕਾਰਜਸ਼ੀਲ ਰਜ਼ਾਮੰਦੀ ਹੁੰਦੀ ਹੈ। ਸਹਿਮਤੀ ਤੋਂ ਭਾਵ ਹੈ ਕਿ ਵਿਅਕਤੀ ਸਮਝਦਾ ਹੈ ਕਿ ਉਹ ਕਿਸ ਚੀਜ਼ ਲਈ ਰਜ਼ਾਮੰਦ ਹੋ ਰਿਹਾ/ਰਹੀ ਹੈ, ਅਤੇ ਉਸ ਦੇ ਸੰਭਾਵੀ ਸਕਾਰਾਤਮਕ ਅਤੇ ਨਕਾਰਾਤਮਕ ਨਤੀਜੇ।

ਸਹਿਮਤੀ **<u>ਨਹੀਂ ਦਿੱਤੀ ਜਾਂਦੀ ਹੈ</u>** ਜਦੋਂ:

- ਤੁਸੀਂ ਸ਼ਰਾਬ ਜਾਂ ਨਸ਼ਿਆਂ ਦੀ ਵਰਤੋਂ ਦੁਆਰਾ ਅਸਮਰੱਥ ਕੀਤੇ ਗਏ ਹੁੰਦੇ ਹੋ;
- ਤੁਸੀਂ ਸਹਿਮਤੀ ਨਾ ਦੇਣ ਦੇ ਨਤੀਜਿਆਂ ਤੋਂ ਡਰਦੇ ਹੋ;
- ਤੁਸੀਂ ਧਮਕਾਇਆ ਜਾਂ ਡਰਾਇਆ ਗਿਆ ਮਹਿਸੂਸ ਕਰਦੇ ਹੋ;
- ਤੁਹਾਨੂੰ ਮਜਬੂਰ ਕੀਤਾ ਗਿਆ ਹੈ (ਡਰਾਵੇ, ਧਮਕੀਆਂ, ਅਧਿਕਾਰ ਦੇ ਦੁਰਉਪਯੋਗ, ਜੋੜ ਤੋੜ, ਧੋਖੇ ਜਾਂ ਹਰਕਤਾਂ ਅਤੇ ਸ਼ਬਦਾਂ ਨਾਲ ਰਿਸ਼ਵਤਖੋਰੀ ਰਾਹੀਂ ਝੁਕਣ ਲਈ ਮਜਬੂਰ ਕੀਤਾ ਜਾਂਦਾ ਹੈ);
- ਤੁਹਾਨੂੰ ਸਰੀਰਕ ਤੌਰ ਤੇ ਸਵੀਕ੍ਰਿਤੀ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ;
- ਤੁਸੀਂ ਮੌਖਿਕ ਜਾਂ ਸਰੀਰਕ ਤੌਰ ਤੇ "ਨਾ" ਕਹਿੰਦੇ ਹੋ (ਉਦਾਹਰਣ ਲਈ ਰੋਣਾ, ਠੁੱਡੇ ਮਾਰਨਾ, ਪਰੇ ਧਕੇਲਣਾ); ਅਤੇ/ਜਾਂ
- ਤੁਹਾਨੂੰ ਅਜਿਹੀ ਅਪੰਗਤਾ ਜਾਂ ਮਾਨਸਿਕ ਸਿਹਤ ਸੰਬੰਧੀ ਸਮੱਸਿਆ ਹੈ ਜਿਹੜੀ ਤੁਹਾਨੂੰ ਸੂਚਿਤ ਚੋਣ ਕਰਨ ਤੋਂ ਰੋਕਦੀ ਹੈ।

ਸਹਿਮਤੀ ਕੇਵਲ ਲਿੰਗੀ ਗਤੀਵਿਧੀ ਵਿੱਚ ਭਾਗ ਲੈਣ ਵਾਲੇ ਵਿਅਕਤੀ ਦੁਆਰਾ ਹੀ ਦਿੱਤੀ ਜਾ ਸਕਦੀ ਹੈ; ਇਹ ਤੁਹਾਡੇ ਵਲੋਂ ਕਿਸੇ ਹੋਰ ਵਿਅਕਤੀ ਦੁਆਰਾ ਨਹੀਂ ਦਿੱਤੀ ਜਾ ਸਕਦੀ ਉਦਾਹਰਣ ਲਈ, ਇੱਕ ਮਾਤਾ ਜਾਂ ਪਿਤਾ, ਭਰਾ, ਭੈਣ, ਸਾਥੀ, ਜੀਵਨ ਸਾਥੀ ਜਾਂ ਦੋਸਤ।

ਸਹਿਮਤੀ ਨੂੰ ਆਗਿਆਕਾਰਤਾ ਨਹੀਂ ਸਮਝਿਆ ਜਾਣਾ ਚਾਹੀਦਾ, ਜਿਥੇ ਤੁਸੀਂ ਦਬਾਅ, ਧਮਕੀਆਂ, ਨਤੀਜਿਆਂ ਦੇ ਡਰ ਜਾਂ ਧੋਖੇ ਕਰਕੇ ਕਿਸੀ ਲਿੰਗੀ ਕਾਰਜ ਵਿੱਚ ਭਾਗ ਲਿਆ।

## ਕੀ "ਨਾ" ਕਹਿਣਾ ਇਹ ਦਿਖਾਉਣ ਦਾ ਇਕੱਲਾ ਤਰੀਕਾ ਹੈ ਕਿ ਮੈਂ ਸਹਿਮਤੀ ਨਹੀਂ ਦਿੰਦੀ/ਦਾ?

ਨਹੀਂ। ਤੁਸੀਂ ਆਪਣੇ ਸ਼ਬਦਾਂ ਜਾਂ ਹਰਕਤਾਂ ਦੁਆਰਾ ਦਿਖਾ ਸਕਦੇ ਹੋ ਕਿ ਤੁਸੀਂ ਸਹਿਮਤੀ ਨਹੀਂ ਦਿੰਦੇ। "ਲੜ੍ਹਨਾ, ਭੱਜਣਾ ਜਾਂ ਹਿਲ ਨਾ ਸਕਣਾ (ਜੰਮ ਜਾਣਾ)" ਸਾਰੀਆਂ ਹੀ ਸਦਮੇ ਪ੍ਰਤੀ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਹਨ। ਸੰਭਵ ਹੈ ਕਿ ਹਰਕਤਾਂ ਜਿਵੇਂ ਕਿ ਸੰਘਰਸ਼ ਕਰਨਾ, ਜਾਣ ਦੀ ਕੋਸ਼ਿਸ਼ ਕਰਨਾ, ਜਾਂ ਇਹ ਸਚਾਈ ਕਿ ਤੁਸੀਂ ਹਿਲਣ ਵਿੱਚ ਅਸਮਰੱਥ ਹੋ ਸਭ ਇਹ ਦਰਸ਼ਾਉਣ ਕਿ ਤੁਸੀਂ ਸਹਿਮਤੀ ਨਹੀਂ ਦਿੱਤੀ।

## ਜੇ ਮੈਂ ਪਹਿਲਾਂ ਲਿੰਗੀ ਗਤੀਵਿਧੀ ਲਈ ਤਿਆਰ ਹੋ ਜਾਂਦੀ/ਦਾ ਹਾਂ, ਅਤੇ ਫਿਰ ਆਪਣਾ ਫੈਸਲਾ ਬਦਲ ਲੈਂਦੀ/ਦਾ ਹਾਂ ਤਾਂ ਕੀ?

ਜਦੋਂ ਤੁਸੀਂ ਲਿੰਗੀ ਗਤੀਵਿਧੀ ਲਈ ਸਹਿਮਤ ਨਹੀਂ ਰਹਿੰਦੇ, ਹੁਣ ਸਹਿਮਤੀ ਨਹੀਂ ਹੁੰਦੀ। ਇੱਕ ਕਿਸਮ ਦੀ ਲਿੰਗੀ ਗਤੀਵਿਧੀ ਲਈ ਸਹਿਮਤੀ ਦੇਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਕਿਸੀ ਹੋਰ ਕਿਸਮ ਦੀ ਲਿੰਗੀ ਗਤੀਵਿਧੀ ਲਈ ਸਹਿਮਤੀ ਦਿੰਦੇ ਹੋ।

ਕਿਸੀ ਉੱਤੇ ਤਾਂ ਵੀ ਲਿੰਗੀ ਹਮਲਾ ਹੋ ਸਕਦਾ ਹੈ ਜੇਕਰ ਉਹ ਅਤੀਤ ਵਿੱਚ ਇੱਕ ਵਿਅਕਤੀ ਦੇ ਨਾਲ ਰਜ਼ਾਮੰਦੀ ਵਾਲੀ ਗਤੀਵਿਧੀ ਵਿੱਚ ਸ਼ਾਮਲ ਹੋਏ ਸੀ - ਕਿਸੇ ਨੂੰ ਵੀ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਜੇ ਇੱਕ ਵਿਅਕਤੀ ਦੇ ਨਾਲ ਅਤੀਤ ਵਿੱਚ ਰਜ਼ਾਮੰਦੀ ਵਾਲੀ ਗਤੀਵਿਧੀ ਹੋਈ ਸੀ, ਤਾਂ ਇਸਦਾ ਮਤਲਬ ਇਹ ਹੈ ਕਿ ਭਵਿੱਖ ਵਿੱਚ ਹੋਣ ਵਾਲੇ ਲਿੰਗੀ ਸੰਪਰਕ ਵਾਸਤੇ ਆਟੋਮੈਟਿਕ ਸਹਿਮਤੀ ਹੈ - ਹਰ ਵਾਰੀ ਲਈ ਸਹਿਮਤੀ ਦੀ ਲੋੜ ਹੈ।

## ਲਿੰਗੀ ਹਮਲੇ ਤੋਂ ਬਾਅਦ ਮੇਰੇ ਲਈ ਕੀ ਵਿਕਲਪ ਹਨ?

ਲਿੰਗੀ ਹਮਲੇ ਦੇ ਬਚੇ ਹੋਏ ਸ਼ਿਕਾਰ ਵਜੋਂ, ਅਸੀਂ ਤੁਹਾਡੀਆਂ ਉਨ੍ਹਾਂ ਚੋਣਾਂ ਦਾ ਸਮਰਥਨ ਕਰਦੇ ਹਾਂ ਜਿਹੜੀਆਂ ਤੁਸੀਂ ਪ੍ਰਕਿਰਿਆ ਬਾਰੇ ਅਤੇ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ ਬਾਰੇ ਕਰਦੇ ਹੋ।

ਲਿੰਗੀ ਹਮਲੇ ਦੇ ਬਚੇ ਹੋਏ ਸ਼ਿਕਾਰ ਲਈ ਹੇਠਾਂ ਦਿੱਤੇ ਵਿਕਲਪ ਉਪਲਬਧ ਹਨ:

- ਤੁਸੀਂ ਲਿੰਗੀ ਹਮਲੇ ਬਾਰੇ ਪੁਲਿਸ ਨੂੰ ਰਿਪੋਰਟ ਕਰ ਸਕਦੇ ਹੋ;
- ਤੁਸੀਂ ਸਹਾਰਾ ਦੇਣ ਵਾਲੀਆਂ ਸਮਾਜਕ ਏਜੰਸੀਆਂ ਕੋਲੋਂ ਮੈਡੀਕਲ ਅਤੇ/ਜਾਂ ਭਾਵਨਾਤਮਕ ਸਹਾਰਾ ਪ੍ਰਾਪਤ ਕਰ ਸਕਦੇ ਹੋ;
- ਤੁਸੀਂ ਤੁਹਾਡੇ ਤੇ ਲਿੰਗੀ ਹਮਲਾ ਕਰਨ ਵਾਲੇ ਵਿਅਕਤੀ ਦੇ ਵਿਰੁੱਧ ਗੈਰਫੌਜਦਾਰੀ (civil) ਕਾਰਵਾਈ (ਅਰਥਾਤ ਦਾਅਵਾ) ਕਰ ਸਕਦੇ ਹੋ।

## ਕੀ ਮੈਂ ਲਿੰਗੀ ਹਮਲਾ ਹੋਣ ਤੋਂ ਕਈ ਸਾਲਾਂ ਬਾਅਦ ਉਸ ਦੀ ਰਿਪੋਰਟ ਕਰ ਸਕਦੀ/ਦਾ ਹਾਂ?

ਕੈਨੇਡਾ ਵਿੱਚ, ਲਿੰਗੀ ਅਪਰਾਧਾਂ ਲਈ ਹੱਦਬੰਦੀ ਕਾਨੂੰਨ (statute of limitation) ਨਹੀਂ ਹੈ, ਜਿਸਦਾ ਮਤਲਬ ਹੈ ਕਿ ਤੁਸੀਂ ਪੁਲਿਸ ਨੂੰ ਰਿਪੋਰਟ ਕਰ ਸਕਦੇ ਹੋ ਇਸ ਦੀ ਪਰਵਾਹ ਕੀਤੇ ਬਿਨਾਂ ਕਿ ਉਹ ਕਿੰਨਾ ਸਮਾਂ ਪਹਿਲਾਂ ਵਾਪਰਿਆ ਸੀ ਅਤੇ ਕਿਸੇ ਤੇ ਲਿੰਗੀ ਹਮਲੇ ਦਾ ਆਰੋਪ ਲਗਾਇਆ ਜਾ ਸਕਦਾ ਹੈ।

## ਜੇ ਮੈਂ ਦੇਹ ਵਪਾਰ ਵਿੱਚ ਕੰਮ ਕਰਦੀ/ਦਾ ਹਾਂ ਤਾਂ ਕੀ? ਜੇ ਪੁਲਿਸ ਨੂੰ ਪਤਾ ਲਗ ਜਾਂਦਾ ਹੈ ਤਾਂ ਕੀ ਮੈਨੂੰ ਗਿਰਫ਼ਤਾਰ ਕਰ ਲਿਆ ਜਾਏਗਾ?

ਕਿਸੇ ਤੇ ਵੀ ਕਿਸੀ ਵੀ ਸਮੇਂ, ਕਿਧਰੇ ਵੀ, ਕਿਸੀ ਦੇ ਵੀ ਦੁਆਰਾ ਲਿੰਗੀ ਹਮਲਾ ਕੀਤਾ ਜਾ ਸਕਦਾ ਹੈ। ਇਸ ਦਾ ਮਤਲਬ ਹੈ ਕਿ ਇੱਕ ਦੇਹ ਵਪਾਰ ਵਰਕਰ ਤੇ ਗਾਹਕ ਦੁਆਰਾ ਲਿੰਗੀ ਹਮਲਾ ਕੀਤਾ ਜਾ ਸਕਦਾ ਹੈ। ਕੋਈ ਵੀ ਲਿੰਗੀ ਸੰਪਰਕ ਜਿਸ ਲਈ ਰਜ਼ਾਮੰਦੀ ਨਾਲ ਸਹਿਮਤੀ ਨਹੀਂ ਦਿੱਤੀ ਗਈ ਸੀ ਲਿੰਗੀ ਹਮਲਾ ਹੈ। ਜੇ ਤੁਸੀਂ ਦੇਹ ਵਪਾਰ ਵਿੱਚ ਆਪਣੇ ਕੰਮ ਦੇ ਦੌਰਾਨ ਸ਼ਿਕਾਰ ਬਣੇ ਸੀ ਤਾਂ ਤੁਹਾਨੂੰ ਗਿਰਫ਼ਤਾਰ ਨਹੀਂ ਕੀਤਾ ਜਾਏਗਾ।

## ਜੇ ਮੈਂ ਪੁਲਿਸ ਨੂੰ ਰਿਪੋਰਟ ਕਰਦੀ/ਦਾ ਹਾਂ ਤਾਂ ਕੀ ਮੇਰੇ ਇੰਮੀਗ੍ਰੇਸ਼ਨ ਦਰਜੇ ਤੇ ਅਸਰ ਪਏਗਾ?

ਨਹੀਂ। ਪੁਲਿਸ ਨੂੰ ਰਿਪੋਰਟ ਕਰਨ ਨਾਲ ਤੁਹਾਡੇ ਇੰਮੀਗ੍ਰੇਸ਼ਨ ਦਰਜੇ ਤੇ ਅਸਰ ਨਹੀਂ ਪਏਗਾ।

## ਕੀ ਮੈਨੂੰ ਮੇਰੇ ਇੰਮੀਗ੍ਰੇਸ਼ਨ ਦਰਜੇ ਦੇ ਬਾਰੇ ਪੁੱਛਿਆ ਜਾਏਗਾ?

ਕਈ ਅਜਿਹੇ ਖਾਸ ਹਾਲਾਤ ਹੋ ਸਕਦੇ ਹਨ ਜਿਥੇ ਇੱਕ ਅਫਸਰ ਨੂੰ ਕਾਨੂੰਨੀ ਤੌਰ ਤੇ ਤੁਹਾਡੇ ਇੰਮੀਗ੍ਰੇਸ਼ਨ ਦਰਜੇ ਦੇ ਬਾਰੇ ਪੁੱਛਣ ਦੀ ਲੋੜ ਹੋ ਸਕਦੀ ਹੈ।

ਇਹ ਹਾਲਾਤ ਹਨ:

- ਇੱਕ ਸ਼ਿਕਾਰ ਜਾਂ ਗਵਾਹ ਜਿਸ ਨੂੰ ਪ੍ਰਾਂਤੀਏ ਵਿਟਨਸ ਪ੍ਰੋਟੈਕਸ਼ਨ ਪ੍ਰੋਗਰਾਮ (Provincial Witness Protection Program) ਵਿੱਚ ਦਾਖਲੇ ਦੀ ਲੋੜ ਹੋ ਸਕਦੀ ਹੈ ਜਾਂ ਉਹ ਉਸ ਲਈ ਬੇਨਤੀ ਕਰਦਾ ਹੈ;

- ਇੱਕ ਸਰਕਾਰੀ ਵਕੀਲ (Crown Attorney) ਅਦਾਲਤ ਦੇ ਮਕਸਦਾਂ ਵਾਸਤੇ ਇਸ ਜਾਣਕਾਰੀ ਲਈ ਬੇਨਤੀ ਕਰ ਰਿਹਾ ਹੈ;
- ਜਾਣਕਾਰੀ ਅਪਰਾਧ ਦੇ ਆਵੱਸ਼ਕ ਤੱਤਾਂ ਨੂੰ ਸਾਬਤ ਕਰਨ ਵਾਸਤੇ ਜਰੂਰੀ ਹੈ; ਅਤੇ/ਜਾਂ
- ਅਜਿਹੀਆਂ ਛਾਣਬੀਣਾਂ ਜਿਥੇ ਹਾਲਾਤ ਸਪਸ਼ਟ ਕਰਦੇ ਹਨ ਕਿ ਸ਼ਿਕਾਰ ਜਾਂ ਗਵਾਹ ਦੇ ਇੰਮੀਗ੍ਰੇਸ਼ਨ ਦਰਜੇ ਨੂੰ ਨਿਰਧਾਰਤ ਕਰਨਾ ਜਨਤਾ ਦੀ ਸੁਰੱਖਿਆ ਅਤੇ ਹਿਫਾਜਤ ਜਾਂ ਅਫਸਰਾਂ ਦੀ ਸੁਰੱਖਿਆ ਲਈ ਜਰੂਰੀ ਹੈ।

## ਜੇ ਮੈਨੂੰ ਕੋਈ ਅਪਾਹਜਪੁਣਾ ਹੈ ਤਾਂ ਕੀ? ਮੈਂ ਪੁਲਿਸ ਨੂੰ ਫੋਨ ਕਿਵੇਂ ਕਰਾਂ?

ਟੋਰੋਂਟੋ ਪੁਲਿਸ ਸਰਵਿਸ ਅਪਾਹਜਪੁਣਿਆਂ ਵਾਲੇ ਲੋਕਾਂ ਲਈ ਕਈ ਤਰੀਕਿਆਂ ਨਾਲ ਪਹੁੰਚਯੋਗ ਹੈ। ਸਰਵਿਸ ਦੀ ਵੈੱਬਸਾਇਟ ਪ੍ਰਾਂਤ ਦੇ ***ਐਕਸੇਸੀਬਿਲਿਟੀ ਫੌਰ ਓਨਟਾਰਿਅਨਜ਼ ਵਿਦ ਡਿਸਅਬਿਲੀਟੀਜ਼ ਐਕਟ*** *(Accessibility for Ontarians with Disabilities Act)* ਦੇ ਅਨੁਕੂਲ ਹੈ। ਜਦੋਂ ਇੱਕ ਵਿਅਕਤੀ ਟੋਰੋਂਟੋ ਪੁਲਿਸ ਸਰਵਿਸ ਨੂੰ ਫੋਨ ਕਰਦਾ ਹੈ, ਤਾਂ ਭਾਸ਼ਾ ਅਨੁਵਾਦ ਸੇਵਾਵਾਂ ਉਪਲਬਧ ਹਨ ਅਤੇ ਸੁਣਨ ਸ਼ਕਤੀ ਦੀ ਕਮੀ ਵਾਲੇ ਲੋਕਾਂ ਵਾਸਤੇ ਟੀਟੀਵਾਏ (TTY) ਸਿਸਟਮ ਸਥਾਪਤ ਹੈ।

## ਜੇ ਮੈਂ ਪੁਲਿਸ ਨੂੰ ਫੋਨ ਕਰਦੀ/ਦਾ ਹਾਂ, ਅਗੇ ਕੀ ਹੁੰਦਾ ਹੈ?

ਜੇ ਲਿੰਗੀ ਹਮਲਾ ਹੁਣੇ ਹੀ ਹੋਇਆ ਹੈ, ਜਾਂ ਤੁਸੀਂ ਫੌਰੀ ਖਤਰੇ ਵਿੱਚ ਹੋ, ਤਾਂ 911 ਤੇ ਫੋਨ ਕਰੋ।

ਜੇ ਉਹ ਹੁਣੇ ਹੀ ਨਹੀਂ ਵਾਪਰਿਆ ਹੈ, ਫਿਰ ਟੋਰੋਂਟੋ ਪੁਲਿਸ ਦੇ ਮੁੱਖ ਫੋਨ ਨੰਬਰ 416-808-2222 ਤੇ ਫੋਨ ਕਰੋ ਅਤੇ ਇੱਕ ਵਰਦੀ ਵਾਲਾ ਅਫਸਰ ਤੁਹਾਡੇ ਸਥਾਨ ਤੇ ਆਏਗਾ।

ਲਿੰਗੀ ਹਮਲੇ ਤੇ ਭੇਜੇ ਜਾਣ ਤੋਂ ਬਾਅਦ, ਵਰਦੀ ਵਾਲਾ ਅਫਸਰ:

- ਬਚੇ ਹੋਏ ਸ਼ਿਕਾਰ ਦੇ ਸਥਾਨ ਤੇ ਪਹੁੰਚਣ ਤੋਂ ਬਾਅਦ, ਉਨ੍ਹਾਂ ਦੀਆਂ ਸਰੀਰਕ ਅਤੇ ਭਾਵਨਾਤਮਕ ਲੋੜਾਂ ਦੀ ਦੇਖਭਾਲ ਕਰੇਗਾ ਅਤੇ ਜੇ ਲੋੜ ਹੋਏ ਤਾਂ ਐਮਬੁਲੈਂਸ ਬੁਲਾਏਗਾ;
- ਘਟਨਾ ਦੀਆਂ ਮੁਢਲੀਆਂ ਤਫਸੀਲਾਂ ਦਾ ਪਤਾ ਲਗਾਉਣ ਲਈ ਬਚੇ ਹੋਏ ਸ਼ਿਕਾਰ ਦੀ ਸਹਾਇਤਾ ਦੇ ਨਾਲ ਪਰਾਰੰਭਕ ਛਾਣਬੀਣ ਕਰੇਗਾ। ਜੇ ਸੰਭਵ ਹੋਏ, ਇਹ ਨਿਜੀ ਵਾਤਾਵਰਨ ਵਿੱਚ ਹੋਏਗਾ;
- ਜੇ ਬਚੇ ਹੋਏ ਸ਼ਿਕਾਰ ਦੀਆਂ ਖਾਸ ਲੋੜਾਂ ਹਨ (ਉਦਾਰਹਣ ਲਈ ਤਰਜੁਮਾ, ਸੰਕੇਤਾਂ ਦੀ ਭਾਸ਼ਾ (sign language), ਸਰੀਰਕ ਅਤੇ ਦੂਸਰੇ ਅਪਾਹਜਪੁਣੇ) ਤਾਂ ਸਹਾਇਤਾ ਵਾਸਤੇ ਢੁਕਵੇਂ ਵਿਅਕਤੀ ਜਾਂ ਏਜੰਸੀ ਨਾਲ ਸੰਪਰਕ ਕਰੇਗਾ;
- ਲਿੰਗੀ ਹਮਲੇ ਦੀ ਕਿਸਮ ਤੇ ਨਿਰਭਰ ਕਰਦੇ ਹੋਏ, ਅਫਸਰ ਬਚੇ ਹੋਏ ਸ਼ਿਕਾਰ ਨੂੰ ਸੱਟਾਂ ਦੇ ਇਲਾਜ ਲਈ ਹਸਪਤਾਲ ਜਾਣ ਅਤੇ ਸੇਕਸ਼ੂਅਲ ਅਸੌਲਟ ਐਵੀਡੇਂਸ ਕਿਟ (ਐਸਏਈਕੇ) ਕਰਵਾਉਣ ਲਈ ਕਹਿ ਸਕਦਾ ਹੈ। ਇਹ ਕਿਟ ਫੋਰੈਂਨਜ਼ਿਕ ਸਬੂਤ ਇਕੱਠੇ ਕਰੇਗੀ; ਅਤੇ/ਜਾਂ

- ਬਚੇ ਹੋਏ ਸ਼ਿਕਾਰ ਨੂੰ ਫੌਰੀ ਸੰਕਟ,ਸਦਮਾ ਅਤੇ ਸਹਾਇਤਾ ਸੇਵਾਵਾਂ ਮੁਹੱਈਆ ਕਰਨ ਵਿੱਚ ਮਦਦ ਕਰਨ ਵਾਸਤੇ ਵਿਕਟਮ ਸਰਵਿਸਿਜ਼ ਟੋਰੋਂਟੋ (Victim Services Toronto) ਨਾਲ ਸੰਪਰਕ ਕੀਤੇ ਜਾਣ ਦੇ ਵਿਕਲਪ ਬਾਰੇ ਦੱਸੇਗਾ।

## ਸੇਕਸ਼ੁਅਲ ਅਸੌਲਟ ਐਵੀਡੇਂਸ ਕਿਟ (ਐਸਏਈਕੇ) ਕੀ ਹੈ?

ਸੇਕਸ਼ੁਅਲ ਅਸੌਲਟ ਐਵੀਡੇਂਸ ਕਿਟ (ਐਸਏਈਕੇ) ਇੱਕ ਖਾਸ ਕਰਕੇ ਸੀਲ ਕੀਤਾ ਗਿਆ ਡੱਬਾ ਹੈ ਜਿਸ ਵਿੱਚ ਸਬੂਤ ਇਕੱਠੇ ਕੀਤੇ ਜਾਣ ਵਾਸਤੇ ਵਰਤੇ ਜਾਣ ਵਾਲੇ ਲਿਫ਼ਾਫ਼ੇ, ਬੋਤਲਾਂ ਅਤੇ ਦੂਸਰੇ ਡੱਬੇ ਹੁੰਦੇ ਹਨ। ਸਬੂਤ ਸਮੇਂ ਦੇ ਕਈ ਵੱਖ ਵੱਖ ਮੁਕਾਮਾਂ ਕੇ ਇਕੱਠੇ ਕੀਤੇ ਜਾ ਸਕਦੇ ਹਨ, ਪਰ ਜਿੰਨ੍ਹਾਂ ਜਲਦੀ ਹੋਏ ਉਨਾਂ ਬਿਹਤਰ। ਪਦਾਰਥਕ ਸਬੂਤ ਇਕੱਠੇ ਕਰਨ ਦਾ ਜਿਆਦਾ ਮੌਕਾ ਹਮਲੇ ਦੇ 72 ਘੰਟਿਆਂ ਦੇ ਅੰਦਰ ਹੈ; ਪਰ ਹੋ ਸਕਦਾ ਹੈ ਕਿ ਸਬੂਤ 12 ਦਿਨ ਬਾਅਦ ਤੱਕ ਫਿਰ ਵੀ ਉਪਲਬਧ ਹੋਣ।

## ਐਸਏਈਕੇ (SAEK) ਕਿਥੇ ਕੀਤਾ ਜਾਏਗਾ?

ਐਸਏਈਕੇ (SAEK) ਸੇਕਸ਼ੁਅਲ ਅਸੌਲਟ/ਡੋਮੇਸਟਿਕ ਵਾਇਓਲੈਂਸ ਕੇਅਰ ਸੈਂਟਰ (ਐਸਏ/ਡੀਵੀਸੀਸੀ) ਵਿੱਚ ਇੱਕ ਹਸਪਤਾਲ ਵਿੱਚ ਕੀਤਾ ਜਾਂਦਾ ਹੈ।

ਟੋਰੋਂਟੋ ਵਿਚਲੇ ਸੇਕਸ਼ੁਅਲ ਅਸੌਲਟ/ਡੋਮੇਸਟਿਕ ਵਾਇਓਲੈਂਸ ਕੇਅਰ ਸੈਂਟਰ ਹਨ:

Women's College Hospital (ਵਿਮਿਨਜ਼ ਕਾਲਜ ਹਸਪਤਾਲ)
76 Grenville Street
Toronto, Ontario, M5S 1B2
416 - 323- 6040
www.womenscollegehospital.ca/programs-and-services/sexual-assault-domestic-violence-care-centre/

Scarborough Hospital – Birchmount Campus (ਸਕਾਰਬਰੋ ਹਸਪਤਾਲ - ਬਰਚਮਾਉਂਟ ਕੈਂਪਸ)
3030 Birchmount Road
Toronto, Ontario, M1W 3W3
416- 495 -2555
www.sacc.to

The Hospital for Sick Children (SickKids) (ਦ ਹੌਸਪਿਟਲ ਫਾਰ ਸਿਕ ਚਿੱਲਡਰਨ (ਸਿਕ ਕਿਡਜ਼))

ਸਸਪੈਕਟਿਡ ਚਾਇਲਡ ਐਬਿਊਜ਼ ਐਂਡ ਨਿਗਲੈਕਟ (ਸਕੈਨ) ਪ੍ਰੋਗਰਾਮ (Suspected Child Abuse and Neglect (SCAN) Program)
555 University Avenue
Room 6427 Black Wing
(416) 813- 6275 (ਡੇ ਟਾਇਮ)
(416) 813 - 7500 (24 ਘੰਟੇ)
www.sickkids.ca/scan

ਐਸਏ/ਡੀਵੀਸੀਸੀ ਹਾਲੀਆ ਲਿੰਗੀ ਹਮਲੇ ਅਤੇ ਨਿਕਟਵਰਤੀ ਸਾਥੀ ਹਿੰਸਾ ਦੇ ਬਚੇ ਹੋਏ ਔਰਤ ਅਤੇ ਮਰਦ ਦੋਵੇਂ ਸ਼ਿਕਾਰਾਂ ਲਈ ਐਮਰਜੈਂਸੀ ਸੇਵਾ, ਫੌਲੋ-ਅੱਪ ਸਿਹਤ ਸੰਭਾਲ ਅਤੇ ਸਲਾਹ ਮਸ਼ਵਰਾ ਮੁਹੱਈਆ ਕਰਦਾ ਹੈ। ਦੇਖਭਾਲ 24 ਘੰਟੇ/ਦਿਨ ਉਪਲਬਧ ਹੈ ਅਤੇ ਉਸ ਵਿੱਚ ਸਾਮਲ ਹੈ: ਸੰਕਟ ਸਮੇਂ ਦਖਲ; ਸਰੀਰਕ ਪਰੀਖਣ; ਸੱਟਾਂ ਦੇ ਲਿਖਤੀ ਸਬੂਤ (ਤਸਵੀਰਾਂ ਸਮੇਤ); ਲਿੰਗੀ ਢੰਗ ਨਾਲ ਸੰਚਾਰਿਤ ਹੋਣ ਵਾਲੇ ਵਿਗਾੜਾਂ ਅਤੇ ਗਰਭ ਲਈ ਜਾਂਚ ਅਤੇ ਇਲਾਜ; ਪੁਲਿਸ ਨੂੰ ਰਿਲੀਜ਼ ਕੀਤੇ ਜਾਣ (ਜਾਂ ਹਸਪਤਾਲ ਵਿੱਚ ਸਟੋਰ ਕੀਤੇ ਜਾਣ) ਵਾਸਤੇ ਫੋਰੈਂਨਜ਼ਿਕ ਸਬੂਤ ਇਕੱਠੇ ਕਰਨਾ; ਸੁਰੱਖਿਆ ਸੰਬੰਧੀ ਯੋਜਨਾਬੰਦੀ; ਅਤੇ ਨਿਰੰਤਰ ਜਾਰੀ ਰਹਿਣ ਵਾਲੇ ਸਹਾਰੇ ਲਈ ਰੈਫਰਲ। ਐਸਏ/ਡੀਵੀਸੀਸੀ ਵਿੱਚ ਫੌਲੋ-ਅੱਪ ਸਿਹਤ ਸੰਭਾਲ ਅਤੇ ਸਲਾਹ ਮਸ਼ਵਰਾ ਵੀ ਉਪਲਬਧ ਹਨ।

## ਕੀ ਮੇਰੇ ਕੋਲ ਐਸਏਈਕੇ (SAEK) ਸੰਬੰਧੀ ਵਿਕਲਪ ਹਨ?

ਐਸਏਈਕੇ (SAEK) ਲਈ ਪ੍ਰਕਿਰਿਆ ਸਵੈ-ਇਛੱਤ ਹੈ, ਜਿਸ ਦਾ ਮਤਲਬ ਹੈ ਕਿ ਤੁਹਾਡੀ ਸਹਿਮਤੀ ਦੀ ਲੋੜ ਹੈ। ਲਿੰਗੀ ਹਮਲੇ ਦੇ ਬਚੇ ਹੋਏ ਸ਼ਿਕਾਰ ਵਜੋਂ, ਅਸੀਂ ਤੁਹਾਡੀਆਂ ਉਨਾਂ ਚੋਣਾਂ ਦਾ ਸਮਰਥਨ ਕਰਦੇ ਹਾਂ ਜਿਹੜੀਆਂ ਤੁਸੀਂ ਉਸ ਪ੍ਰਤੀਕਿਰਿਆ ਬਾਰੇ ਕਰਦੇ ਹੋ ਜੋ ਤੁਹਾਡੇ ਲਈ ਸਭ ਤੋਂ ਵਧੀਆ ਹੈ।

ਐਸਏਈਕੇ (SAEK) ਬਾਰੇ ਲਿੰਗੀ ਹਮਲੇ ਦੇ ਬਚੇ ਹੋਏ ਸ਼ਿਕਾਰਾਂ ਲਈ ਹੇਠਾਂ ਦਿੱਤੇ ਵਿਕਲਪ ਉਪਲਬਧ ਹਨ:

- ਐਸਏਈਕੇ (SAEK) ਕਰਵਾਉਣਾ ਅਤੇ ਪੁਲਿਸ ਦੀ ਸ਼ਮੂਲੀਅਤ ਲਈ ਮੰਗ ਕਰਨਾ ਤੁਹਾਡੀ ਚੋਣ ਹੈ।
- ਐਸਏਈਕੇ (SAEK) ਕਰਵਾਉਣਾ ਪਰ ਪੁਲਿਸ ਦੀ ਸ਼ਮੂਲੀਅਤ ਨਾ ਕੀਤੇ ਜਾਣ ਲਈ ਬੇਨਤੀ ਕਰਨਾ ਤੁਹਾਡੀ ਚੋਣ ਹੈ। (ਕਿਟ ਨੂੰ 6 ਮਹੀਨਿਆਂ ਤੱਕ ਲਈ ਸੇਕਸ਼ੁਅਲ ਅਸੌਲਟ ਕੇਅਰ ਸੈਂਟਰ ਵਿੱਚਰਖਿਆ ਜਾ ਸਕਦਾ ਹੈ ਜੇਕਰ ਤੁਸੀਂ ਆਪਣਾ ਫੈਸਲਾ ਬਦਲ ਲੈਂਦੇ ਹੋ ਅਤੇ ਬਾਅਦ ਵਿੱਚ ਪੁਲਿਸ ਨੂੰ ਸ਼ਾਮਲ ਕਰਨਾ ਚਾਹੁੰਦੇ ਹੋ)।

- ਐਸਏਈਕੇ (SAEK) ਲਈ ਮੰਨ੍ਹਾਂ ਕਰਨਾ ਅਤੇ ਫਿਰ ਵੀ ਪੁਲਿਸ ਦੀ ਸ਼ਮੂਲੀਅਤ ਲਈ ਮੰਗ ਕਰਨਾ ਤੁਹਾਡੀ ਚੋਣ ਹੈ।

## ਮੇਰੇ ਪੁਲਿਸ ਕੋਲ ਐਸਏਈਕੇ (SAEK) ਰੀਲਿਜ਼ ਕੀਤੇ ਜਾਣ ਲਈ ਸਹਿਮਤੀ ਦੇਣ ਤੋਂ ਬਾਅਦ ਕੀ ਹੁੰਦਾ ਹੈ?

ਐਸਏਈਕੇ (SAEK) ਨੂੰ ਪੁਲਿਸ ਦੁਆਰਾ ਹਸਪਤਾਲ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਤੁਰੰਤ ਇੱਕ ਫੋਰੈਂਨਜ਼ਿਕ ਆਇਡੇਨਟੀਫੀਕੇਸ਼ਨ (Forensic Identification) ਅਫਸਰ ਨੂੰ ਦਿੱਤਾ ਜਾਂਦਾ ਹੈ। ਐਸਏਈਕੇ (SAEK) ਦੀ ਸਮੱਗਰੀ ਦੀ ਪੂਰੀ ਸੂਚੀ ਨੂੰ ਇਹ ਯਕੀਨੀ ਬਣਾਉਣ ਵਾਸਤੇ ਜਾਂਚਿਆ ਜਾਂਦਾ ਹੈ ਕਿ ਇਕੱਠੀਆਂ ਕੀਤੀਆਂ ਗਈਆਂ ਸਾਰੀਆਂ ਪ੍ਰਦਰਸ਼ਿਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਮੌਜੂਦ ਹਨ। ਕੇਸ ਦੀਆਂ ਤਫਸੀਲਾਂ ਦੀ ਸਮੀਖਿਆ ਕਰਦੇ ਹੋਏ, ਫੋਰੈਂਨਜ਼ਿਕ ਆਇਡੇਨਟੀਫੀਕੇਸ਼ਨ ਅਫਸਰ ਐਸਏਈਕੇ (SAEK) ਨੂੰ ਵਿਸ਼ਲੇਸ਼ਣ ਵਾਸਤੇ ਜੰਮ੍ਹਾਂ ਕਰਵਾਏ ਜਾਣ ਲਈ ਇਜਾਜ਼ਤ ਪ੍ਰਾਪਤ ਕਰਨ ਵਾਸਤੇ ਸੈਂਟਰ ਆਫ ਫੋਰੈਂਨਜ਼ਿਕ ਸਾਇੰਸਿਜ਼ (ਸੀਐਫਐਸ) ਨਾਲ ਸੰਪਰਕ ਕਰੇਗਾ। ਪ੍ਰਦਰਸ਼ਿਤ ਕੀਤੀਆਂ ਜਾਣ ਵਾਲੀਆਂ ਸਾਰੀਆਂ ਵਸਤੂਆਂ ਨੂੰ ਵਿਸ਼ਲੇਸ਼ਣ ਵਾਸਤੇ ਜੰਮ੍ਹਾਂ ਨਹੀਂ ਕਰਵਾਇਆ ਜਾਂਦਾ। ਕੇਸ ਦੀਆਂ ਤਫਸੀਲਾਂ ਦੇ ਅਧਾਰ ਤੇ, ਐਸਏਈਕੇ (SAEK) ਤੋਂ ਸਿਰਫ ਪ੍ਰਸੰਗਿਕ ਪ੍ਰਦਰਸ਼ਿਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਅਤੇ/ਜਾਂ ਕਪੜੇ ਹੀ ਜੰਮ੍ਹਾਂ ਕਰਵਾਏ ਜਾਣਗੇ।

## ਹੋਰ ਕਿਹੜੀਆਂ ਕਿਸਮਾਂ ਦੇ ਪ੍ਰਮਾਣ ਮੇਰੇ ਕੇਸ ਲਈ ਢੁੱਕਵੇਂ ਹੋ ਸਕਦੇ ਹਨ?

ਕਿਸੇ ਵੀ ਛਾਣਬੀਣ ਵਿੱਚ ਸਬੂਤ ਬਹੁਤ ਮਹੱਤਵਪੂਰਨ ਹੁੰਦੇ ਹਨ; ਇਸ ਕਰਕੇ, ਸਬੂਤਾਂ ਨੂੰ ਸਮੇਂ ਸਿਰ ਇਕੱਠੇ ਕੀਤੇ ਜਾਣ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਸਬੂਤ ਕੇਵਲ ਜੀਵ-ਵਿਗਿਆਨ ਸੰਬੰਧੀ ਨਮੂਨਿਆਂ ਤੱਕ ਸੀਮਿਤ ਨਹੀਂ ਹਨ,ਪਰ ਉਨ੍ਹਾਂ ਵਿੱਚ ਵੀਡੀਓ, ਬਿਆਨ, ਸੈੱਲ ਫੋਨ ਅਤੇ ਸੋਸ਼ਲ ਮੀਡੀਆ ਦੀ ਸਮੱਗਰੀ, ਅਤੇ ਦੂਸਰੇ ਦਸਤਾਵੇਜ਼ ਵੀ ਸ਼ਾਮਲ ਹਨ। ਹਾਲਾਂਕਿ ਛਾਣਬੀਣ ਕਰਨ ਲਈ ਸਬੂਤ ਬਿਲਕੁਲ ਜਰੂਰੀ ਨਹੀਂ ਹਨ, ਉਹ ਪੁਲਿਸ ਨੂੰ ਉਨ੍ਹਾਂ ਦੀ ਛਾਣਬੀਣ ਵਿੱਚ ਬਹੁਤ ਸਹਾਇਤਾ ਕਰਦੇ ਹਨ।

## ਮੇਰੇ ਕੇਸ ਦੀ ਛਾਣਬੀਣ ਕੌਣ ਕਰੇਗਾ?

ਲਿੰਗੀ ਹਮਲੇ ਦੇ ਸਾਰੇ ਕੇਸਾਂ ਦੀ ਛਾਣਬੀਣ ਅਜਿਹੇ ਪੁਲਿਸ ਅਫਸਰਾਂ ਦੁਆਰਾ ਕੀਤੀ ਜਾਂਦੀ ਹੈ ਜੋ ਲਿੰਗੀ ਹਮਲਿਆਂ ਦੀਆਂ ਛਾਣਬੀਣਾਂ ਦੇ ਖੇਤਰ ਵਿੱਚ ਖਾਸ ਕਰਕੇ ਸਿਖਲਾਈ ਪ੍ਰਾਪਤ ਹਨ। ਲਿੰਗੀ ਹਮਲੇ ਦੇ ਤਫ਼ਤੀਸ਼ਕਾਰਾਂ ਦੁਆਰਾ ਪ੍ਰਾਪਤ ਕੀਤੀ ਗਈ ਸਿਖਲਾਈ ਸ਼ਿਕਾਰਾਂ ਅਤੇ ਗਵਾਹਾਂ ਦੀਆਂ ਲੋੜਾਂ ਦਾ ਸਨਮਾਨ ਕਰਦੇ ਹੋਏ, ਲਿੰਗੀ ਹਮਲੇ ਦੇ ਕੇਸਾਂ ਵਿੱਚ ਇਕਸਾਰ ਅਤੇ ਗਹਨ ਛਾਣਬੀਣ ਦੀ ਰਚਨਾ ਕਰਨ ਤੇ ਕੇਂਦਰਿਤ ਹੁੰਦੀ ਹੈ।ਇਹ ਸਿਖਲਾਈ ਸ਼ਿਕਾਰਾਂ ਪ੍ਰਤੀ ਸੰਵੇਦਨਸ਼ੀਲਤਾ ਦੇ ਨਾਲ ਨਾਲ ਸਭ ਤੋਂ ਵਧੀਆ ਅਮਲਾਂ ਨੂੰ ਵਧਾਵਾ ਦੇਕੇ ਲਿੰਗੀ ਹਮਲਿਆਂ ਦੀਆਂ ਛਾਣਬੀਣਾਂ ਨੂੰ ਵਧਾਉਣ ਵਾਸਤੇ ਤਿਆਰ ਕੀਤੀ ਗਈ ਹੈ।

ਤੁਹਾਡੇ ਕੇਸ ਲਈ ਲਿੰਗੀ ਹਮਲੇ ਦੇ ਇੱਕ ਸਿਖਲਾਈ ਪ੍ਰਾਪਤ ਤਫ਼ਤੀਸ਼ਕਾਰ ਨੂੰ ਨਿਯਤ ਕੀਤਾ ਜਾਏਗਾ। ਟੋਰੋਂਟੋ ਵਿੱਚ ਲਿੰਗੀ ਹਮਲਿਆਂ ਦੇ ਕੇਸਾਂ ਦੀ ਸਪੁਰਦਗੀ ਜੋਖਮ ਤੇ ਅਧਾਰਤ ਮੁਲਾਂਕਣ ਤੇ ਕੀਤੀ ਜਾਂਦੀ ਹੈ। ਇਸ ਦਾ ਮਤਲਬ ਹੈ:

- ਉਹ ਕੇਸ ਜਿਥੇ ਕਿ ਤਥਾ-ਕਥਿਤ ਅਪਰਾਧੀ "ਸ਼ਿਕਾਰ ਦੁਆਰਾ ਜਾਣਿਆ ਪਛਾਣਿਆ ਹੁੰਦਾ ਹੈ" ਦੀ ਛਾਣਬੀਣ ਉਸ ਡਿਵੀਜ਼ਨ ਦੁਆਰਾ ਕੀਤੀ ਜਾਏਗੀ ਜਿਥੇ ਲਿੰਗੀ ਹਮਲਾ ਹੋਇਆ ਸੀ, ਅਤੇ;
- ਉਹ ਕੇਸ ਜਿੰਨ੍ਹਾਂ ਨੂੰ "ਕਮਿਉਨਿਟੀ ਲਈ ਉੱਚ ਜੋਖਮ ਵਾਲਾ" ਮੰਨਿਆ ਜਾਂਦਾ ਹੈ ਅਤੇ ਜਿਥੇ ਕਿ ਤਥਾ-ਕਥਿਤ ਅਪਰਾਧੀ ਸ਼ਿਕਾਰ ਦੁਆਰਾ "ਜਾਣਿਆ ਪਛਾਣਿਆ ਨਹੀਂ ਹੁੰਦਾ ਹੈ" ਦੀ ਛਾਣਬੀਣ ਸੈਕਸ ਕ੍ਰਾਇਮਜ਼ ਦੁਆਰਾ ਕੀਤੀ ਜਾਏਗੀ।

ਤੁਹਾਡੇ ਕੇਸ ਵਾਸਤੇ ਨਿਯਤ ਕੀਤਾ ਗਿਆ ਲਿੰਗੀ ਹਮਲੇ ਦਾ ਸਿਖਲਾਈ ਪ੍ਰਾਪਤ ਤਫ਼ਤੀਸ਼ਕਾਰ:

- ਘਟਨਾ ਦੀ ਪੂਰੀ ਤਰ੍ਹਾਂ ਛਾਣਬੀਣ ਕਰੇਗਾ;
- ਯਕੀਨੀ ਬਣਾਏਗਾ ਕਿ ਬਚੇ ਹੋਏ ਸ਼ਿਕਾਰ ਨੂੰ ਮੈਡੀਕਲ ਦੇਖਭਾਲ ਤੱਕ ਪਹੁੰਚ ਪ੍ਰਾਪਤ ਹੈ;
- ਜਿਵੇਂ ਲੋੜ ਹੋਏ, ਐਸਏਈਕੇ (SAEK)ਸਮੇਤ ਸਾਰੇ ਸਬੂਤ ਇਕੱਠੇ ਕਰਨ ਦੀ ਪ੍ਰਕਿਰਿਆ ਸਮਝਾਏਗਾ;
- ਵਿਕਟਮ ਸਰਵਿਸਿਜ਼ ਟੋਰੋਂਟੋ ਨਾਲ ਸਲਾਹ ਮਸ਼ਵਰਾ ਕਰੇਗਾ;
- ਮੁਲਾਂਕਣ ਕਰੇਗਾ ਅਤੇ ਬਚੇ ਹੋਏ ਸ਼ਿਕਾਰ ਦੇ ਨਾਲ ਚਰਚਾ ਕਰੇਗਾ ਕਿ ਸਵਿਸਤਾਰ ਇੰਟਰਵਿਊ ਕਿਥੇ ਅਤੇ ਕਦੋਂ ਕੀਤੀ ਜਾਏਗੀ;
- ਪੁੱਛੇਗਾ ਜੇਕਰ ਬਚਿਆ ਹੋਇਆ ਸ਼ਿਕਾਰ ਇੱਕ ਮਰਦ ਜਾਂ ਔਰਤ ਦੁਆਰਾ ਇੰਟਰਵਿਊ ਲਏ ਜਾਣਾ ਪਸੰਦ ਕਰੇਗਾ ਅਤੇ ਬਚੇ ਹੋਏ ਸ਼ਿਕਾਰ ਦੀ ਚੋਣ ਦਾ ਆਦਰ ਕਰਨ ਲਈ ਸਾਰੀਆਂ ਉਚਿਤ ਕੋਸ਼ਿਸ਼ਾਂ ਕਰੇਗਾ;
- ਬਚੇ ਹੋਏ ਸ਼ਿਕਾਰ ਨੂੰ ਸਮੇਂ ਸਿਰ ਢੰਗ ਨਾਲ ਛਾਣਬੀਣ ਦੀ ਪ੍ਰਗਤੀ ਦੇ ਬਾਰੇ ਸੂਚਿਤ ਰੱਖੇਗਾ;
- ਜਦੋਂ ਉਚਿਤ ਹੋਏ ਆਰੋਪ ਲਗਾਏਗਾ;
- ਬਚੇ ਹੋਏ ਸ਼ਿਕਾਰ ਨੂੰ ਦੱਸੇਗਾ ਕਿ ਉਸ ਨੂੰ ਇੱਕ ਵਿਕਟਿਮ ਇੰਮਪੈਕਟ ਸਟੇਟਮੈਂਟ ਪੂਰੀ ਕਰਨ ਦਾ ਹੱਕ ਹੈ;
- ਬਚੇ ਹੋਏ ਸ਼ਿਕਾਰ ਨੂੰ ਦੱਸੇਗਾ ਕਿ ਵਿਕਟਮ ਵਿਟਨਸ ਅਸਿਸਟੈਂਸ ਪ੍ਰੋਗਰਾਮ (Victim Witness Assistance Program) ਤੋਂ ਕੋਈ ਤਿਆਰੀ ਕਰਨ, ਢੁਕਵੇਂ ਫਾਰਮ ਭਰਨ,ਅਦਾਲਤ ਲਈ ਤਿਆਰੀ ਕਰਨ ਵਿੱਚ ਸਹਾਇਤਾ ਕਰਨ ਅਤੇ ਬਚੇ ਹੋਏ ਸ਼ਿਕਾਰ ਨੂੰ ਮੁਲਜ਼ਮ ਦੀ ਅਦਾਲਤ ਸੰਬੰਧੀ ਪ੍ਰਗਤੀ ਬਾਰੇ ਸੂਚਿਤ ਰੱਖਣ ਲਈ ਉਨ੍ਹਾਂ ਨਾਲ ਸੰਪਰਕ ਕਰੇਗਾ।

## ਕੀ ਸਾਰਿਆਂ ਨੂੰ ਪਤਾ ਲਗ ਜਾਏਗਾ ਕਿ ਮੇਰੇ ਨਾਲ ਕੀ ਹੋਇਆ ਸੀ?

ਤੁਹਾਡਾ ਲੁਕਾਅ ਸਾਡੇ ਵਾਸਤੇ ਬਹੁਤ ਮਹੱਤਵਪੂਰਨ ਹੈ। ਜਦੋਂ ਪੁਲਿਸ ਨੂੰ ਲਿੰਗੀ ਹਮਲੇ ਦੀ ਰਿਪੋਰਟ ਕੀਤੀ ਜਾਂਦੀ ਹੈ, ਤਾਂ ਇਹ ਨਿਰਧਾਰਤ ਕਰਨ ਲਈ ਸਾਰੀ ਜਾਣਕਾਰੀ ਦੀ ਸਮੀਖਿਆ ਕੀਤੀ ਜਾਂਦੀ ਹੈ ਜੇਕਰ ਇੱਕ ਨਿਊਜ਼ ਰਿਲੀਜ਼ ਦੀ ਲੋੜ ਹੈ। ਆਮਤੌਰ ਤੇ ਨਿਊਜ਼ ਰਿਲੀਜ਼ ਤਾਂ ਜਾਰੀ ਕੀਤੀ ਜਾਂਦੀ ਹੈ ਜੇ:

- ਜਨਤਾ ਦੀ ਸੁਰੱਖਿਆ ਲਈ ਖਤਰਾ ਹੈ;
- ਸੰਭਵ ਹੈ ਕਿ ਜਨਤਾ ਤੋਂ ਜਾਣਕਾਰੀ ਕੇਸ ਨੂੰ ਸੁਲਝਾਉਣ ਵਿੱਚ ਮਦਦ ਕਰੇ;
- ਮੰਨਿਆ ਜਾਂਦਾ ਹੈ ਕਿ ਹੋਰ ਸ਼ਿਕਾਰ ਸਾਮ੍ਹਣੇ ਆ ਸਕਦੇ ਹਨ; ਅਤੇ/ਜਾਂ
- ਗਿਰਫ਼ਤਾਰੀ ਕੀਤੀ ਗਈ ਹੈ ਅਤੇ/ਜਾਂ ਛਾਣਬੀਣ ਵਿੱਚ ਕੋਈ ਨਵੀਂ ਜਾਣਕਾਰੀ ਹੈ।

ਨਿਊਜ਼ ਰਿਲੀਜ਼ ਵਿੱਚ ਮਿਤੀ, ਸਮੇਂ ਅਤੇ ਹਮਲੇ ਦੇ ਸਥਾਨ ਸਮੇਤ, ਲਿੰਗੀ ਹਮਲੇ ਬਾਰੇ ਆਮ ਜਾਣਕਾਰੀ ਸ਼ਾਮਲ ਹੋਵੇਗੀ। ਨਿਊਜ਼ ਰਿਲੀਜ਼ ਵਿੱਚ ਬਚੇ ਹੋਏ ਸ਼ਿਕਾਰ ਦਾ ਲਿੰਗ ਅਤੇ ਉਮਰ ਸ਼ਾਮਲ ਹੋਵੇਗੀ। ਨਿਊਜ਼ ਰਿਲੀਜ਼ ਵਿੱਚ ਕਥਿਤ ਤੌਰ ਤੇ ਜ਼ਿੰਮੇਵਾਰ ਵਿਅਕਤੀ ਦਾ ਹੁਲੀਆ ਵੀ ਸ਼ਾਮਲ ਹੋਵੇਗਾ, ਜੇ ਹਲੇ ਉਸ ਵਿਅਕਤੀ ਦਾ ਪਤਾ ਨਹੀਂ ਹੈ, ਜਾਂ ਵਿਅਕਤੀ ਦਾ ਨਾਮ ਅਤੇ ਉਮਰ ਸ਼ਾਮਲ ਹੋਵੇਗੀ ਜੇ ਵਿਅਕਤੀ ਦੀ ਪਛਾਣ ਕਰ ਲਈ ਗਈ ਹੈ।

ਤੁਹਾਡਾ ਨਾਮ ਕਦੇ ਵੀ ਮੀਡੀਆ ਨੂੰ ਰਿਲੀਜ਼ ਨਹੀਂ ਕੀਤਾ ਜਾਵੇਗਾ।

## ਗਿਰਫ਼ਤਾਰੀ ਤੋਂ ਬਾਅਦ ਕੀ ਹੁੰਦਾ ਹੈ?

ਵਿਅਕਤੀ ਦੇ ਗਿਰਫ਼ਤਾਰ ਕਰ ਲਏ ਅਤੇ ਉਸ ਤੇ ਜੁਰਮ ਦਾ ਆਰੋਪ ਲਗਾਏ ਜਾਣ ਤੋਂ ਬਾਅਦ, ਉਹ "ਮੁਲਜ਼ਮ" ਬਣ ਗਿਆ/ਗਈ ਹੈ। ਹਾਲਾਤਾਂ ਤੇ ਨਿਰਭਰ ਕਰਦੇ ਹੋਏ, ਪੁਲਿਸ ਮੁਲਜ਼ਮ ਨੂੰ ਜ਼ਮਾਨਤ ਦੀ ਸੁਣਵਾਈ (bail hearing), ਜਿਸ ਨੂੰ ਕਾਰਣ ਦਿਖਾਉਣ ਵਾਲੀ (show-cause) ਸੁਣਵਾਈ ਕਿਹਾ ਜਾ ਸਕਦਾ ਹੈ, ਲਈ ਪਕੜੇ ਰੱਖ ਸਕਦੀ ਹੈ, ਜਾਂ ਉਸ ਨੂੰ ਸ਼ਰਤਾਂ ਦੇ ਨਾਲ ਛੱਡ ਸਕਦੀ ਹੈ।

ਜੇ ਪੁਲਿਸ ਨੇ ਮੁਲਜ਼ਮ ਨੂੰ ਛੱਡਿਆ ਨਹੀਂ ਹੈ, ਤਾਂ ਮੁਲਜ਼ਮ ਲਈ ਗਿਰਫ਼ਤਾਰੀ ਦੇ 24 ਘੰਟਿਆਂ ਦੇ ਅੰਦਰ ਜ਼ਮਾਨਤ ਦੀ ਸੁਣਵਾਈ ਵਾਸਤੇ ਇੱਕ ਜਸਟਿਸ ਆਫ ਦ ਪੀਸ (ਜੇਪੀ) (Justice of the Peace (JP)) ਜਾਂ ਇੱਕ ਜੱਜ ਦੇ ਸਾਮ੍ਹਣੇ ਜਾਣਾ ਜਰੂਰੀ ਹੈ।

ਜ਼ਮਾਨਤ ਦੀ ਸੁਣਵਾਈ ਤੇ, ਜੇਪੀ ਜਾਂ ਜੱਜ ਫੈਸਲਾ ਕਰੇਗਾ ਜੇਕਰ ਮੁਲਜ਼ਮ ਨੂੰ ਜ਼ਮਾਨਤ ਦਿੱਤੀ ਜਾਂਦੀ ਹੈ ਜਾਂ ਜੇਲ੍ਹ ਵਿੱਚ ਰੱਖਿਆ ਜਾਂਦਾ ਹੈ। ਜ਼ਮਾਨਤ ਦਾ ਮਤਲਬ ਹੈ ਕਿ ਮੁਲਜ਼ਮ ਦਾ ਕੋਈ ਜਾਣਕਾਰ ਇਸ ਵਾਅਦੇ ਦੀ ਤਰ੍ਹਾਂ ਪੈਸੇ ਜਾਂ ਕਿਸੀ ਕਿਸਮ ਦੀ ਜ਼ਮਾਨਤ (surety) ਦਿੰਦਾ ਹੈ ਕਿ ਮੁਲਜ਼ਮ ਆਪਣੀਆਂ ਭਵਿੱਖ ਦੀਆਂ ਅਦਾਲਤੀ ਤਰੀਕਾਂ ਲਈ ਆਏਗਾ। ਮੁਲਜ਼ਮ ਨੂੰ ਜੇਪੀ ਜਾਂ ਜੱਜ ਦੁਆਰਾ ਨਿਸ਼ਚਿਤ ਕੀਤੇ

ਗਏ ਖਾਸ ਨਿਯਮਾਂ ਜਿੰਨ੍ਹਾਂ ਨੂੰ ਸ਼ਰਤਾਂ (conditions) ਕਿਹਾ ਜਾਂਦਾ ਹੈ ਦੀ ਪਾਲਣਾ ਕਰਨ ਵਾਸਤੇ ਸਹਿਮਤ ਹੋਣ ਦੀ ਲੋੜ ਵੀ ਹੋ ਸਕਦੀ ਹੈ।

ਸ਼ਰਤਾ ਵਿੱਚੋਂ ਇੱਕ ਆਮਤੌਰ ਤੇ ਇੱਕ "ਨੋ ਕੌਨਟੈਕਟ ਆਰਡਰ" ("No Contact Order") ਹੁੰਦਾ ਹੈ।

ਇਸ ਦਾ ਮਤਲਬ ਹੈ ਕਿ ਮੁਲਜ਼ਮ ਤੁਹਾਡੇ ਨਾਲ ਕੋਈ ਵੀ ਸੰਪਰਕ ਨਹੀਂ ਰੱਖ ਸਕਦਾ - ਇੱਕ ਤੀਜੇ ਧਿਰ (ਹੋਰ ਵਿਅਕਤੀ) ਰਾਹੀਂ ਵੀ ਨਹੀਂ। ਮੁਲਜ਼ਮ, ਜਾਂ ਮੁਲਜ਼ਮ ਦੀ ਬੇਨਤੀ ਤੇ ਕੋਈ ਵੀ ਹੋਰ ਤੁਹਾਡੇ ਨਾਲ ਫੋਨ, ਚਿੱਠੀ, ਈ-ਮੇਲ, ਟੈਕਸਟ ਮੈਸੇਜ, ਸੋਸ਼ਲ ਮੀਡੀਆ ਰਾਹੀਂ ਜਾਂ ਵਿਅਕਤੀਗਤ ਤੌਰ ਤੇ ਸੰਪਰਕ ਨਹੀਂ ਕਰ ਸਕਦਾ। ਆਮਤੌਰ ਤੇ, ਮੁਲਜ਼ਮ ਨੂੰ ਤੁਹਾਡੇ ਘਰ, ਸਕੂਲ ਅਤੇ/ਜਾਂ ਕੰਮ ਦੇ ਨੇੜੇ ਆਉਣ ਦੀ ਆਗਿਆ ਨਹੀਂ ਦਿੱਤੀ ਜਾਏਗੀ। ਜੇ ਮੁਲਜ਼ਮ ਜ਼ਮਾਨਤ ਦੀਆਂ ਸ਼ਰਤਾਂ ਵਿੱਚੋਂ ਕਿਸੇ ਦੀ ਵੀ ਉਲੰਘਣਾ ਕਰਦਾ ਹੈ, **ਤੁਸੀਂ ਪੁਲਿਸ ਨੂੰ ਸੰਪਰਕ ਕਰੋ**। ਮੁਲਜ਼ਮ ਦੇ ਵਿਰੁੱਧ ਜ਼ਮਾਨਤ ਦੀਆਂ ਸ਼ਰਤਾਂ ਦਾ ਉਲੰਘਣਾ ਕਰਨ ਦਾ ਵਾਧੂ ਆਰੋਪ ਲਗਾਇਆ ਜਾ ਸਕਦਾ ਹੈ।

ਮੁਲਜ਼ਮ ਸਾਰੀ ਅਦਾਲਤੀ ਪ੍ਰਕਿਰਿਆ ਦੇ ਦੌਰਾਨ ਅਦਾਲਤ ਵਿੱਚ ਅਨੇਕ ਹਾਜ਼ਰੀਆਂ ਪਾਏਗਾ। ਇੰਨ੍ਹਾਂ ਵਿੱਚੋਂ ਅਦਾਲਤ ਦੀਆਂ ਕੁਝ ਤਰੀਕਾਂ ਨੂੰ "ਸੈੱਟ ਡੇਟਸ" ("Set Dates") ਕਿਹਾ ਜਾਏਗਾ। ਤੁਹਾਨੂੰ ਅਦਾਲਤ ਦੀਆਂ ਇੰਨ੍ਹਾਂ ਤਰੀਕਾਂ ਤੇ ਹਾਜ਼ਰ ਹੋਣ ਦੀ ਲੋੜ ਨਹੀਂ ਹੁੰਦੀ। ਇਹ ਤਰੀਕਾਂ ਵਕੀਲਾਂ ਵਾਸਤੇ ਨੇਮਕ ਤਿਆਰੀ ਦੀਆਂ ਤਰੀਕਾਂ ਹੁੰਦੀਆਂ ਹਨ।

ਤੁਹਾਨੂੰ ਕੇਵਲ ਤਾਂ ਹੀ ਅਦਾਲਤ ਦੀ ਤਰੀਕ ਤੇ ਹਾਜ਼ਰ ਹੋਣ ਦੀ ਲੋੜ ਹੋਵੇਗੀ ਜੇ ਉਸ ਦਿਨ ਪ੍ਰਾਰੰਭਕ ਸੁਣਵਾਈ ਜਾਂ ਮੁਕੱਦਮਾ ਹੈ। ਪ੍ਰਾਰੰਭਕ ਸੁਣਵਾਈਆਂ ਅਤੇ ਮੁਕੱਦਮਿਆਂ ਬਾਰੇ ਇਸ ਪੁਸਤਿਕਾ ਵਿੱਚ ਅਗੇ ਸਮਝਾਇਆ ਗਿਆ ਹੈ।

## ਜੇ ਅਪਰਾਧੀ ਪਕੜਿਆ ਨਹੀਂ ਜਾਂਦਾ ਤਾਂ ਕੀ ?

ਲਿੰਗੀ ਹਮਲਿਆਂ ਦੇ ਅਣਸੁਲਝੇ ਕੇਸ ਕਦੇ ਵੀ ਬੰਦ ਨਹੀਂ ਕੀਤੇ ਜਾਂਦੇ; ਉਹ ਸਰਗਰਮ ਰਹਿੰਦੇ ਹਨ। ਜੇ ਵਾਧੂ ਜਾਣਕਾਰੀ ਪ੍ਰਾਪਤ ਹੁੰਦੀ ਹੈ, ਹੋਰ ਛਾਣਬੀਣ ਕੀਤੀ ਜਾਵੇਗੀ, ਜਿਸਦਾ ਨਤੀਜਾ ਗਿਰਫਤਾਰੀ ਹੋ ਸਕਦਾ ਹੈ।

## ਕੀ ਪੁਲਿਸ ਹਮੇਸ਼ਾ ਮੁਲਜ਼ਮ ਤੇ ਆਰੋਪ ਲਗਾਉਂਦੀ ਹੈ?

ਜੇ ਛਾਣਬੀਣ ਦਾ ਸਮਰਥਨ ਕਰਨ ਵਾਸਤੇ ਕਾਫੀ ਸਬੂਤ ਹਨ ਤਾਂ ਪੁਲਿਸ ਦੀ ਭੂਮਿਕਾ ਆਰੋਪ ਲਗਾਉਣਾ ਹੈ। ਕਈ ਵਾਰੀ ਪੁਲਿਸ ਆਰੋਪ ਨਾ ਲਗਾਉਣ ਦਾ ਫੈਸਲਾ ਕਰੇਗੀ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਤੁਹਾਡੇ ਤੇ ਵਿਸ਼ਵਾਸ ਨਹੀਂ ਕਰਦੇ ਜਾਂ ਇਹ ਕਿ ਲਿੰਗੀ ਹਮਲਾ ਨਹੀਂ ਹੋਇਆ। ਇਸ ਦਾ ਮਤਲਬ

ਇਹ ਹੋ ਸਕਦਾ ਹੈ ਕਿ ਫੌਜਦਾਰੀ ਆਰੋਪ ਨੂੰ ਅਦਾਲਤ ਵਿੱਚ ਸਾਬਤ ਕਰਨ ਵਾਸਤੇ ਕਾਫੀ ਸਬੂਤ ਨਹੀਂ ਹਨ। ਜੇ ਅਜਿਹਾ ਹੁੰਦਾ ਹੈ, ਤਾਂ ਤਫ਼ਤੀਸ਼ਕਾਰ ਸਮਝਾ ਸਕਦਾ ਹੈ ਕਿ ਤੁਹਾਡੇ ਕੇਸ ਵਿੱਚ ਅਜਿਹਾ ਕਿਉਂ ਹੋਇਆ। ਤਫ਼ਤੀਸ਼ਕਾਰ ਤੁਹਾਨੂੰ ਤੁਹਾਡੇ ਲਈ ਉਪਲਬਧ ਗੈਰਫੌਜਦਾਰੀ ਵਿਕਲਪਾਂ ਬਾਰੇ ਦੱਸ ਸਕਦਾ ਹੈ (ਇੰਨ੍ਹਾਂ ਵਿੱਚੋਂ ਕੁਝ ਏਜੰਸੀਆਂ ਇਸ ਪੁਸਤਿਕਾ ਦੇ ਪਿਛਲੇ ਪਾਸੇ ਲੱਭੀਆਂ ਜਾ ਸਕਦੀਆਂ ਹਨ)।

## ਅਦਾਲਤ ਦੀ ਕਾਰਵਾਈ ਵਿੱਚ ਕਿੰਨਾਂ ਸਮਾਂ ਲਗਦਾ ਹੈ?

ਕੇਸ ਤੇ ਨਿਰਭਰ ਕਰਦੇ ਹੋਏ, ਅਦਾਲਤ ਦੇ ਕੇਸ ਨੂੰ ਖਤਮ ਹੋਣ ਵਿੱਚ ਕਈ ਮਹੀਨਿਆਂ ਤੋਂ ਕਈ ਸਾਲਾਂ ਦੇ ਵਿੱਚ ਲਗ ਸਕਦੇ ਹਨ। ਇਹ ਲੰਬਾ ਇੰਤਜ਼ਾਰ ਤੁਹਾਡੇ ਲਈ ਮੁਸ਼ਕਲ ਹੋ ਸਕਦਾ ਹੈ। ਇਸ ਸਮੇਂ ਦੌਰਾਨ ਸਹਾਰਾ ਹੋਣਾ ਮਹੱਤਵਪੂਰਨ ਹੈ। ਅਜਿਹੀਆਂ ਕਮਿਊਨਿਟੀ ਏਜੰਸੀਆਂ ਹਨ ਜਿਹੜੀਆਂ ਇਸ ਪ੍ਰਕਿਰਿਆ ਦੇ ਵਿੱਚ ਤੁਹਾਡੀ ਸਹਾਇਤਾ ਕਰ ਸਕਦੀਆਂ ਹਨ। ਇੰਨ੍ਹਾਂ ਵਿੱਚੋਂ ਕੁਝ ਏਜੰਸੀਆਂ ਇਸ ਪੁਸਤਿਕਾ ਦੇ ਪਿਛਲੇ ਪਾਸੇ ਲੱਭੀਆਂ ਜਾ ਸਕਦੀਆਂ ਹਨ।

## ਅਦਾਲਤ ਵਿੱਚ ਕੀ ਹੁੰਦਾ ਹੈ?

ਤੁਹਾਡੇ ਕੇਸ ਨੂੰ ਅਦਾਲਤ ਦੀ ਕਾਰਵਾਈ ਵਿੱਚੋਂ ਤੁਹਾਨੂੰ ਅਗਵਾਈ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੋਰਟਹਾਉਸਾਂ ਵਿੱਚ ਸਥਿਤ ਵਿਕਟਮ/ਵਿਟਨੈਸ ਅਸਿਸਟੈਂਸ ਪ੍ਰੋਗਰਾਮ (ਵੀਡਬਲਿਊਏਪੀ) (Victim/Witness Assistance Program (VWAP)) ਵਿੱਚ ਇੱਕ ਵਰਕਰ ਕੋਲ ਭੇਜਿਆ ਜਾਏਗਾ। ਵਰਕਰ ਦੀ ਭੂਮਿਕਾ ਤੁਹਾਨੂੰ ਫੌਜਦਾਰੀ ਕੋਰਟ ਕੇਸ ਦੀ ਅਵਸਥਾ ਬਾਰੇ ਸੂਚਿਤ ਕਰਨਾ ਅਤੇ ਫੌਜਦਾਰੀ ਨਿਆਂ ਵਿਵਸਥਾ, ਅਦਾਲਤ ਦੀਆਂ ਵਿਧੀਆਂ ਅਤੇ ਅਦਾਲਤ ਵਿੱਚ ਤੁਹਾਡੀ ਭੂਮਿਕਾ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ ਹੋਏਗੀ। ਵੀਡਬਲਿਊਏਪੀ (VWAP) ਵਰਕਰ:

- ਤੁਹਾਨੂੰ ਇਹ ਸਮਝਣ ਵਿੱਚ ਸਹਾਇਤਾ ਕਰਨਗੇ ਕਿ ਅਦਾਲਤ ਦੀ ਹਰ ਤਰੀਕ ਤੇ ਕੀ ਉਮੀਦ ਕੀਤੀ ਜਾਏ;
- ਤੁਹਾਨੂੰ ਅਦਾਲਤ ਦੇ ਕਾਗਜ਼ਾਂ, ਜਿਵੇਂ ਕਿ ਜ਼ਮਾਨਤ ਦੀਆਂ ਸ਼ਰਤਾਂ ਅਤੇ ਪ੍ਰੋਬੇਸ਼ਨ (probation) ਹੁਕਮਾਂ, ਦੀਆਂ ਕਾਪੀਆਂ ਮੁਹੱਈਆ ਕਰਨਗੇ;
- ਅਦਾਲਤ ਦੀ ਸਾਰੀ ਕਾਰਵਾਈ ਦੇ ਦੌਰਾਨ ਨਿਰੰਤਰ ਜਾਰੀ ਭਾਵਨਾਤਮਕ ਸਹਾਰਾ ਪੇਸ਼ ਕਰਨਗੇ;
- ਤੁਹਾਨੂੰ ਵਿਕਟਿਮ ਇੰਮਪੈਕਟ ਸਟੇਟਮੈਂਟ ਪੂਰੀ ਕਰਨ ਵਿੱਚ ਮਦਦ ਕਰਨਗੇ; ਅਤੇ
- ਜੇ ਤੁਹਾਨੂੰ ਗਵਾਹੀ ਦੇਣ ਦੀ ਲੋੜ ਹੈ ਤਾਂ ਤੁਹਾਨੂੰ ਸਰਕਾਰੀ ਵਕੀਲ ਦੇ ਨਾਲ ਮਿਲਵਾਉਣ ਲਈ ਸਰਕਾਰੀ ਵਕੀਲ ਦੇ ਦਫਤਰ ਦੇ ਨਾਲ ਤਾਮੇਲ ਕਰਨਗੇ।

ਪ੍ਰਰੰਭਕ ਸੁਣਵਾਈ ਜਾਂ ਮੁਕੱਦਮੇ ਵਾਸਤੇ ਤਰੀਕ ਤਹਿ ਹੋਣ ਤੇ, ਜਿੰਨੀ ਜਲਦੀ ਸੰਭਵ ਹੋਏ ਇੱਕ ਸਰਕਾਰੀ ਵਕੀਲ ਮੁਕੱਰਰ ਕੀਤਾ ਜਾਏਗਾ। ਤੁਹਾਡੇ ਨਾਲ ਮੁਲਾਕਾਤ ਕਰਨਾ ਅਤੇ ਮੁਕੱਦਮੇ ਦੀ ਕਾਰਵਾਈ ਲਈ

ਤੁਹਾਨੂੰ ਤਿਆਰ ਕਰਨਾ ਸਰਕਾਰੀ ਵਕੀਲ ਦੀ ਜ਼ਿੰਮੇਵਾਰੀ ਹੈ। ਤਿਆਰੀ ਆਮਤੌਰ ਤੇ ਛਾਣਬੀਣ ਕਰਨ ਵਾਲੇ ਅਫਸਰ ਅਤੇ ਵੀਡਬਲਿਊਏਪੀ (VWAP) ਦੇ ਪ੍ਰਤੀਨਿਧੀਆਂ ਦੇ ਨਾਲ ਕੀਤੀ ਜਾਂਦੀ ਹੈ।

ਅਜਿਹੇ ਕਈ ਸੰਸਾਧਨ ਹਨ ਜਿਹੜੇ ਤੁਹਾਨੂੰ ਅਦਾਲਤ ਲਈ ਤਿਆਰੀ ਕਰਨ ਵਿੱਚ ਮਦਦ ਕਰਨਗੇ। ਤਫ਼ਤੀਸ਼ਕਾਰ ਤੁਹਾਨੂੰ ਇਹ ਸੰਸਾਧਨ ਪੇਸ਼ ਕਰੇਗਾ। ਵੈੱਬਸਾਇਟ www.courtprep.ca ਕਨੇਡੀਅਨ ਨਿਆਂ ਵਿਧੀ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਇਸ ਵਿੱਚ ਇੱਕ ਸਜੀਵ (animated) ਕੋਰਟਰੂਮ ਸ਼ਾਮਲ ਹੈ।

## ਪ੍ਰਾਰੰਭਕ ਸੁਣਵਾਈ ਕੀ ਹੁੰਦੀ ਹੈ?

ਪ੍ਰਾਰੰਭਕ ਸੁਣਵਾਈ ਜੱਜ ਦੇ ਸਾਮ੍ਹਣੇ ਇੱਕ "ਛੋਟਾ ਮੁਕੱਦਮਾ" ਹੁੰਦਾ ਹੈ। ਹਰ ਕੇਸ ਲਈ ਇਸ ਦੀ ਲੋੜ ਨਹੀਂ ਹੁੰਦੀ, ਪਰ ਜਦੋਂ ਲਿੰਗੀ ਹਮਲੇ ਦੇ ਆਰੋਪ ਲਗਾਏ ਜਾਂਦੇ ਹਨ ਤਾਂ ਇਹ ਬਹੁਤ ਆਮ ਹੈ। ਪ੍ਰਾਰੰਭਕ ਸੁਣਵਾਈ ਵਿੱਚ, ਜੱਜ ਫੈਸਲਾ ਕਰੇਗਾ ਜੇ ਸਰਕਾਰੀ ਵਕੀਲ ਕੋਲ ਮੁਕੱਦਮੇ ਤੱਕ ਵੱਧਣ ਲਈ ਕਾਫੀ ਸਬੂਤ ਹਨ। ਇਸ ਦੀ ਬਹੁਤ ਸੰਭਾਵਨਾ ਹੈ ਕਿ ਤੁਹਾਨੂੰ ਪ੍ਰਾਰੰਭਕ ਸੁਣਵਾਈ ਵਿੱਚ ਗਵਾਹੀ ਦੇਣੀ ਪਏਗੀ। ਦੂਸਰੇ ਗਵਾਹਾਂ ਨੂੰ ਵੀ ਗਵਾਹੀ ਦੇਣੀ ਪੈ ਸਕਦੀ ਹੈ। ਮੁਲਜ਼ਮ ਅਤੇ ਉਸਦਾ ਵਕੀਲ ਵੀ ਹਾਜ਼ਰ ਹੋਣਗੇ ਅਤੇ ਗਵਾਹੀ ਦੇਣਗੇ।

## ਮੁਕੱਦਮਾ ਕੀ ਹੁੰਦਾ ਹੈ?

ਮੁਕੱਦਮਾ ਉਸ ਵੇਲੇ ਹੁੰਦਾ ਹੈ ਜਦੋਂ ਸਰਕਾਰੀ ਵਕੀਲ ਅਤੇ ਮੁਲਜ਼ਮ ਦਾ ਵਕੀਲ ਤੁਹਾਨੂੰ ਅਤੇ ਦੂਸਰੇ ਵਕੀਲਾਂ ਨੂੰ ਪੁੱਛਣਗੇ ਕਿ ਲਿੰਗੀ ਹਮਲੇ ਤੋਂ ਪਹਿਲਾਂ, ਉਸਦੇ ਦੌਰਾਨ ਅਤੇ ਉਸ ਤੋਂ ਬਾਅਦ ਕੀ ਹੋਇਆ। ਮੁਕੱਦਮੇ ਦੇ ਅੰਤ ਤੇ, ਜੱਜ ਮੁਕੱਦਮੇ ਦੇ ਨਤੀਜੇ ਦੀ ਘੋਸ਼ਣਾ ਕਰੇਗਾ, ਜਿਸ ਨੂੰ ਅਦਾਲਤੀ ਫੈਸਲਾ (verdict) ਕਿਹਾ ਜਾਂਦਾ ਹੈ। ਅਦਾਲਤੀ ਫੈਸਲਾ ਤੈਅ ਕਰਨ ਵਿੱਚ ਕਈ ਹਫਤੇ ਲਗ ਸਕਦੇ ਹਨ ਜਿਸ ਦੌਰਾਨ ਜੱਜ ਜਾਂ ਜਿਊਰੀ ਸਬੂਤਾਂ ਦੀ ਸਮੀਖਿਆ ਕਰਦੀ ਹੈ।

ਮੁਕੱਦਮੇ ਦੀ ਸ਼ੁਰੂਆਤ ਤੇ, ਮੁਲਜ਼ਮ ਲਿੰਗੀ ਹਮਲੇ ਦੇ ਆਰੋਪ(ਪਾਂ) ਲਈ "ਗੁਨਾਹਗਾਰ" ("guilty") ਜਾਂ "ਗੁਨਾਹਗਾਰ ਨਹੀਂ" ("not guilty") ਦੀ ਦਲੀਲ ਪੇਸ਼ (plead) ਕਰੇਗਾ। "ਗੁਨਾਹਗਾਰ" ਦੀ ਦਲੀਲ ਦਾ ਮਤਲਬ ਹੈ ਕਿ ਮੁਲਜ਼ਮ ਆਪਣਾ ਜੁਰਮ ਕਬੂਲਦਾ ਹੈ। ਇੰਨ੍ਹਾਂ ਕੇਸਾਂ ਵਿੱਚ, ਮੁਕੱਦਮਾ ਨਹੀਂ ਚਲੇਗਾ ਅਤੇ ਤੁਹਾਨੂੰ ਗਵਾਹੀ ਨਹੀਂ ਦੇਣੀ ਪਵੇਗੀ। ਜੱਜ ਕੇਸ ਦੇ ਤੱਥਾਂ ਨੂੰ ਸੁਣੇਗਾ, ਮੁਲਜ਼ਮ ਨੂੰ ਗੁਨਾਹਗਾਰ ਮੰਨੇਗਾ ਅਤੇ ਦਿੱਤੀ ਜਾਣ ਵਾਲੀ ਸਜ਼ਾ ਦਾ ਫੈਸਲਾ ਕਰੇਗਾ। ਜੇ ਮੁਲਜ਼ਮ ਨੂੰ ਗੁਨਾਹਗਾਰ ਪਾਇਆ ਜਾਂਦਾ ਹੈ, ਤਾਂ ਜੱਜ ਸਜ਼ਾਵਾਂ ਦੀ ਰੇਂਜ ਤੋਂ ਚੁਣੇਗਾ।

"ਗੁਨਾਹਗਾਰ ਨਹੀਂ" ਦੀ ਦਲੀਲ ਦਾ ਮਤਲਬ ਹੈ ਕਿ ਮੁਲਜ਼ਮ ਆਪਣਾ ਜੁਰਮ ਨਹੀਂ ਕਬੂਲਦਾ ਹੈ। ਫਿਰ ਮੁਲਜ਼ਮ ਜੱਜ ਦੇ ਸਾਮ੍ਹਣੇ ਜਾਂ ਜੱਜ ਅਤੇ ਜਿਊਰੀ ਦੇ ਸਾਮ੍ਹਣੇ ਮੁਕੱਦਮੇ ਲਈ ਬੇਨਤੀ ਕਰੇਗਾ। ਇੰਨ੍ਹਾਂ ਕੇਸਾਂ ਵਿੱਚ, ਤੁਹਾਨੂੰ ਮੁਕੱਦਮੇ ਵਿੱਚ ਗਵਾਹੀ ਦੇਣ ਲਈ ਅਦਾਲਤ ਵਿੱਚ ਹਾਜ਼ਰ ਹੋਣਾ ਪਏਗਾ।

ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਜੇ ਜੱਜ ਜਾਂ ਜਿਊਰੀ ਫੈਸਲਾ ਕਰਦੇ ਹਨ ਕਿ ਮੁਲਜ਼ਮ ਗੁਨਾਹਗਾਰ ਨਹੀਂ ਹੈ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਤੇ ਜਾਂ ਦੂਸਰੇ ਗਵਾਹਾਂ ਤੇ ਵਿਸ਼ਵਾਸ ਨਹੀਂ ਕੀਤਾ ਗਿਆ ਸੀ। ਜੇ ਮੁਲਜ਼ਮ ਨੂੰ ਗੁਨਾਹਗਾਰ ਨਹੀਂ ਪਾਇਆ ਜਾਂਦਾ, ਤਾਂ ਮੁਲਜ਼ਮ ਜਾਣ ਲਈ ਆਜ਼ਾਦ ਹੈ। ਇਸ ਨੂੰ ਬਰੀ ਹੋਣਾ (acquittal) ਕਿਹਾ ਜਾਂਦਾ ਹੈ।

## ਕੀ ਮੈਨੂੰ ਅਦਾਲਤ ਵਿੱਚ ਗਵਾਹੀ ਦੇਣੀ ਪਵੇਗੀ?

ਜੇ ਮੁਲਜ਼ਮ ਗੁਨਾਹਗਾਰ ਨਹੀਂ ਦੀ ਦਲੀਲ ਦੇਣ ਦੀ ਚੋਣ ਕਰਦਾ ਹੈ, ਤਾਂ ਬਹੁਤ ਸੰਭਾਵਨਾ ਹੈ ਕਿ ਤੁਹਾਨੂੰ ਪ੍ਰਾਰੰਭਕ ਸੁਣਵਾਈ ਅਤੇ ਮੁਕੱਦਮੇ ਤੇ ਗਵਾਹੀ ਦੇਣੀ ਪਵੇਗੀ। ਅਜਿਹੇ ਕਈ ਸੰਸਾਧਨ ਹਨ ਜਿਹੜੇ ਤੁਹਾਨੂੰ ਅਦਾਲਤ ਲਈ ਤਿਆਰੀ ਕਰਨ ਵਿੱਚ ਮਦਦ ਕਰਨਗੇ। ਤਫ਼ਤੀਸ਼ਕਾਰ ਤੁਹਾਨੂੰ ਇਹ ਸੰਸਾਧਨ ਪੇਸ਼ ਕਰੇਗਾ। ਵੈੱਬਸਾਇਟ www.courtprep.ca ਕਨੇਡੀਅਨ ਨਿਆਂ ਵਿਧੀ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਇਸ ਵਿੱਚ ਇੱਕ ਸਜੀਵ (animated) ਕੋਰਟਰੂਮ ਸ਼ਾਮਲ ਹੈ। ਇਹ ਵੈੱਬਸਾਇਟ ਕਿਸ਼ੋਰਾਂ ਅਤੇ ਸਕਾਰਬਰੋ ਹਸਪਤਾਲ ਦੇ ਸੇਕਸ਼ੂਅਲ ਅਸੌਲਟ ਕੇਅਰ ਸੈਂਟਰ ਦੁਆਰਾ ਵਿਕਸਤ ਕੀਤੀ ਗਈ ਸੀ।

## ਜੇ ਮੈਂ ਅੰਗਰੇਜ਼ੀ ਵਿੱਚ ਗੱਲਬਾਤ ਕਰਨ ਵਿੱਚ ਸੁਖਾਵੀਂ/ਵਾਂ ਨਹੀਂ ਹਾਂ ਤਾਂ ਕੀ?

ਤੁਹਾਨੂੰ ਉਸ ਭਾਸ਼ਾ ਵਿੱਚ ਗੱਲਬਾਤ ਕਰਨ ਦੀ ਅਨੁਮਤੀ ਦਿੱਤੀ ਜਾਏਗੀ ਜਿਹੜੀ ਤੁਹਾਡੇ ਲਈ ਸਭ ਤੋਂ ਵੱਧ ਸੁਖਾਵੀਂ ਹੈ। ਜੇ ਤੁਹਾਨੂੰ ਪੁਲਿਸ ਦੇ ਨਾਲ ਗੱਲਬਾਤ ਕਰਨ ਜਾਂ ਅਦਾਲਤ ਵਿੱਚ ਗਵਾਹੀ ਦੇਣ ਵਿੱਚ ਸਹਾਇਤਾ ਵਾਸਤੇ, ਸੰਕੇਤ ਭਾਸ਼ਾ ਦੇ ਤਰਜਮਾਨ ਸਮੇਤ, ਇੱਕ ਤਰਜਮਾਨ ਦੀ ਲੋੜ ਹੈ ਤਾਂ ਇੱਕ ਨੂੰ ਤੁਹਾਡੇ ਲਈ ਮੁਹੱਈਆ ਕੀਤਾ ਜਾਏਗਾ।

## ਇੱਕ ਵਿਕਟਮ ਇੰਮਪੈਕਟ ਸਟੇਟਮੈਂਟ ਕੀ ਹੈ?

ਜੇ ਅਦਾਲਤ ਮੁਲਜ਼ਮ ਨੂੰ ਗੁਨਾਹਗਾਰ ਪਾਉਂਦੀ ਹੈ, ਜਿਸ ਵਿੱਚ ਸ਼ਾਮਲ ਹੈ ਜੇ ਮੁਲਜ਼ਮ ਗੁਨਾਹਗਾਰ ਹੋਣ ਦੀ ਦਲੀਲ ਦਿੰਦਾ ਹੈ, ਤਾਂ ਸਰਕਾਰੀ ਵਕੀਲ ਤੁਹਾਨੂੰ ਇੱਕ ਵਿਕਟਿਮ ਇੰਮਪੈਕਟ ਸਟੇਟਮੈਂਟ ਪੂਰੀ ਕਰਨ ਲਈ ਕਹੇਗਾ। ਇਹ ਦਸਤਾਵੇਜ਼ ਇਹ ਦੱਸਣ ਲਈ ਤੁਹਾਡਾ ਮੌਕਾ ਹੈ ਕਿ ਲਿੰਗੀ ਹਮਲੇ ਨੇ ਭਾਵਨਾਤਮਕ ਅਤੇ ਸਰੀਰਕ ਤੌਰ ਤੇ ਤੁਹਾਡੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਜੱਜ ਦੁਆਰਾ ਸਜ਼ਾ ਸੁਣਾਉਣ ਲਈ ਇਸ ਸਟੇਟਮੈਂਟ ਤੇ ਵਿਚਾਰ ਕੀਤਾ ਜਾਂਦਾ ਹੈ। ਇੱਕ ਵੀਡਬਲਿਊਏਪੀ (VWAP) ਵਰਕਰ ਤੁਹਾਨੂੰ ਵਿਕਟਮ ਇੰਮਪੈਕਟ ਸਟੇਟਮੈਂਟ ਫਾਰਮ ਪੂਰਾ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ।

ਇੱਕ ਵਿਕਟਮ ਇੰਮਪੈਕਟ ਸਟੇਟਮੈਂਟ ਪੂਰੀ ਕਰਨਾ ਤੁਹਾਡੀ ਚੋਣ ਹੈ। ਤੁਹਾਨੂੰ ਮੁਲਜ਼ਮ ਨੂੰ ਸਜ਼ਾ ਸੁਣਾਏ ਜਾਣ ਲਈ ਅਜਿਹਾ ਕਰਨ ਦੀ ਲੋੜ ਨਹੀਂ ਹੈ। ਇਹ ਵੀ ਤੁਹਾਡੀ ਚੋਣ ਹੈ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਟੇਟਮੈਂਟ ਪੜ੍ਹ ਕੇ ਅਦਾਲਤ ਨੂੰ ਸੁਣਾਈ ਜਾਏ। ਜੱਜ ਲਈ ਤੁਹਾਡੇ ਅਤੇ ਤੁਹਾਡੇ ਜੀਵਨ ਤੇ ਲਿੰਗੀ ਹਮਲੇ ਦੇ ਅਸਰ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ। ਜੇ ਤੁਸੀਂ ਇਹ ਸਟੇਟਮੈਂਟ ਪੂਰੀ ਕਰਦੇ ਹੋ, ਤਾਂ ਜੱਜ ਨੂੰ ਇਹ ਫੈਸਲਾ ਕਰਨ ਵੇਲੇ ਕਿ ਕੀ ਸਜ਼ਾ ਦੇਣੀ ਹੈ, ਤੁਸੀਂ ਜੋ ਕਿਹਾ ਹੈ ਬਾਰੇ ਵਿਚਾਰ ਕਰਨ ਦੀ ਲੋੜ ਹੈ।

## ਜੱਜ ਕਿਸ ਕਿਸਮ ਦੀ ਸਜ਼ਾ ਦਾ ਹੁਕਮ ਦੇ ਸਕਦਾ ਹੈ?

*ਪ੍ਰੋਬੇਸ਼ਨ:*

ਪ੍ਰੋਬੇਸ਼ਨ ਉਸ ਵੇਲੇ ਹੁੰਦੀ ਹੈ ਜਦੋਂ ਅਪਰਾਧੀ ਆਪਣੀ ਸਜ਼ਾ ਕਮਿਊਨਿਟੀ ਵਿੱਚ ਕੱਟਦੇ ਹਨ। ਅਪਰਾਧੀਆਂ ਦੀ ਨਿਗਰਾਨੀ ਪ੍ਰੋਬੇਸ਼ਨ ਅਫਸਰ ਦੁਆਰਾ ਕੀਤੀ ਜਾਏਗੀ, ਅਤੇ ਉਨ੍ਹਾਂ ਲਈ ਪ੍ਰੋਬੇਸ਼ਨ ਅਫਸਰ ਨਾਲ ਮੁਲਾਕਾਤ ਕਰਨਾ ਜਰੂਰੀ ਹੈ। ਅਪਰਾਧੀ ਦੇ ਕੋਲ ਆਮਤੌਰ ਤੇ ਪਾਲਣਾ ਕਰਨ ਲਈ ਨਿਯਮ ਹੁੰਦੇ ਹਨ ਜਿਹੜੇ ਪ੍ਰੋਬੇਸ਼ਨ ਦੇ ਹੁਕਮ ਵਿੱਚ ਸੂਚੀਬੱਧ ਹੁੰਦੇ ਹਨ। ਇਨ੍ਹਾਂ ਨਿਯਮਾਂ, ਜਿੰਨ੍ਹਾਂ ਨੂੰ ਸ਼ਰਤਾਂ ਕਿਹਾ ਜਾਂਦਾ ਹੈ, ਵਿੱਚ ਸ਼ਾਮਲ ਹੋ ਸਕਦੇ ਹਨ: ਸ਼ਰਾਬ ਦੀ ਵਰਤੋਂ ਨਾ ਕਰਨਾ; ਖਾਸ ਖੇਤਰਾਂ ਜਾਂ ਲੋਕਾਂ ਤੋਂ ਦੂਰ ਰਹਿਣਾ; ਸਲਾਹ ਮਸ਼ਵਰੇ ਲਈ ਜਾਣਾ; ਰੋਜ਼ਗਾਰ ਲੱਭਣਾ ਜਾਂ ਕਾਇਮ ਰੱਖਣਾ; ਕਰਫਿਊ ਦੀ ਪਾਲਣਾ ਕਰਨਾ। ਪ੍ਰੋਬੇਸ਼ਨ ਦਾ ਹੁਕਮ ਤਿੰਨ ਸਾਲਾਂ ਤੋਂ ਵੱਧ ਲਈ ਜਾਰੀ ਨਹੀਂ ਰਹਿ ਸਕਦਾ।

ਜੇ ਅਪਰਾਧੀ ਪ੍ਰੋਬੇਸ਼ਨ ਦੀਆਂ ਸ਼ਰਤਾਂ ਵਿੱਚੋਂ ਕਿਸੇ ਵੀ ਇੱਕ ਦੀ ਉਲੰਘਣਾ ਕਰਦਾ ਹੈ, ਉਸ ਨੂੰ ਗਿਰਫ਼ਤਾਰ ਕੀਤਾ ਜਾ ਸਕਦਾ ਹੈ ਅਤੇ ਉਸ ਤੇ "ਪ੍ਰੋਬੇਸ਼ਨ ਦੀ ਉਲੰਘਣਾ" ਦੇ ਨਵੇਂ ਅਪਰਾਧ ਦਾ ਆਰੋਪ ਲਗਾਇਆ ਜਾ ਸਕਦਾ ਹੈ।

*ਪ੍ਰੋਬੇਸ਼ਨ ਦੇ ਨਾਲ ਸਥਗਿਤ (Suspended) ਕੀਤੀ ਗਈ ਸਜ਼ਾ:*

ਜੱਜ ਅਪਰਾਧੀ ਨੂੰ ਸਜ਼ਾ ਦੇਣ ਨੂੰ ਟਾਲਣ ਜਾਂ "ਸਥਗਿਤ" ਕਰਨ ਦੀ ਚੋਣ ਕਰ ਸਕਦਾ ਹੈ। ਇਸ ਦਾ ਮਤਲਬ ਹੈ ਕਿ ਜੱਜ ਅਪਰਾਧੀ ਨੂੰ ਇੱਕ ਪ੍ਰੋਬੇਸ਼ਨ ਹੁਕਮ ਤੇ ਰਿਹਾ ਕਰ ਸਕਦਾ ਹੈ। ਅਪਰਾਧੀ ਜੇਲ੍ਹ ਵਿੱਚ ਕੋਈ ਵੀ ਸਮਾਂ ਨਹੀਂ ਕੱਟਦਾ, ਪਰ ਇੱਕ ਪ੍ਰੋਬੇਸ਼ਨ ਅਫਸਰ ਦੀ ਨਿਗਰਾਨੀ ਦੇ ਹੇਠ ਹੁੰਦਾ ਹੈ।

*ਵਿਰਾਮਸ਼ੀਲ (Intermittent) ਸਜ਼ਾ:*

ਜਦੋਂ ਜੱਜ 90 ਜਾਂ ਉਸ ਤੋਂ ਘੱਟ ਦਿਨਾਂ ਦੀ ਸਜ਼ਾ ਦਾ ਹੁਕਮ ਦਿੰਦਾ ਹੈ,ਤਾਂ ਸੰਭਵ ਹੈ ਕਿ ਅਪਰਾਧੀ ਸਿਰਫ ਵੀਕਐਂਡਾਂ ਤੇ ਹੀ ਜੇਲ੍ਹ ਜਾਏ। ਇਹ ਅਪਰਾਧੀ ਨੂੰ ਕੰਮ ਤੇ ਜਾਂ ਸਕੂਲ ਜਾਣ ਜਾਂ ਕੋਈ ਵੀ ਸਿਹਤ ਸੰਬੰਧੀ

ਚਿੰਤਾਵਾਂ ਦਾ ਪ੍ਰਬੰਧ ਕਰਨ ਦਿੰਦਾ ਹੈ। ਇਸ ਸਜ਼ਾ ਦੇ ਨਾਲ ਹਮੇਸ਼ਾ ਇੱਕ ਪ੍ਰੋਬੇਸ਼ਨ ਹੁਕਮ ਸ਼ਾਮਲ ਹੁੰਦਾ ਹੈ। ਜਦੋਂ ਉਹ ਜੇਲ੍ਹ ਵਿੱਚ ਨਹੀਂ ਹੁੰਦਾ, ਅਪਰਾਧੀ ਲਈ ਪ੍ਰੋਬੇਸ਼ਨ ਹੁਕਮ ਦੀ ਪਾਲਣਾ ਕਰਨਾ ਜਰੂਰੀ ਹੈ।

*ਕੈਦ (Incarceration):*

ਕੈਦ ਦਾ ਮਤਲਬ ਹੈ ਕਿ ਅਪਰਾਧੀ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਜੱਜ ਸਜ਼ਾ ਦੇ ਹਿੱਸੇ ਵਜੋਂ ਇੱਕ "ਨੋ ਕੌਂਨਟੈਕਟ ਆਰਡਰ" ਦਾ ਹੁਕਮ ਵੀ ਦੇ ਸਕਦਾ ਹੈ। ਇਸ ਦਾ ਮਤਲਬ ਹੈ ਕਿ ਅਪਰਾਧੀ ਜੇਲ੍ਹ ਤੋਂ ਤੁਹਾਨੂੰ ਸੰਪਰਕ ਨਹੀਂ ਕਰ ਸਕਦਾ।

ਜੇ ਸਜ਼ਾ ਦੋ ਸਾਲਾਂ ਤੋਂ ਘੱਟ ਦੀ ਹੈ,ਅਪਰਾਧੀ ਨੂੰ ਇੱਕ "ਪ੍ਰਾਂਤੀਏ ਜੇਲ੍ਹ" ਵਿੱਚ ਭੇਜਿਆ ਜਾਂਦਾ ਹੈ। ਅਪਰਾਧੀ ਨੂੰ ਉਸ ਵੇਲੇ ਪਾਲਣਾ ਕਰਨ ਲਈ ਇੱਕ ਪ੍ਰੋਬੇਸ਼ਨ ਹੁਕਮ ਵੀ ਦਿੱਤਾ ਜਾ ਸਕਦਾ ਹੈ ਜਦੋਂ ਉਹ ਜੇਲ੍ਹ ਤੋਂ ਬਾਹਰ ਨਿਕਲੇਗਾ/ਗੀ।

ਜੇ ਸਜ਼ਾ ਦੋ ਸਾਲ ਜਾਂ ਉਸ ਤੋਂ ਵੱਧ ਦੀ ਹੈ, ਅਪਰਾਧੀ ਨੂੰ ਇੱਕ "ਫੈਡਰਲ ਜੇਲ੍ਹ" ਵਿੱਚ ਭੇਜਿਆ ਜਾਏਗਾ। ਜੇਲ੍ਹਾਂ ਨਿਮਨਤਮ, ਦਰਮਿਆਨੀ ਅਤੇ ਅਧਿਕਤਮ ਸੁਰੱਖਿਆ ਵਾਲੀਆਂ ਹੁੰਦੀਆਂ ਹਨ। ਸੁਰੱਖਿਆ ਦਾ ਸਤਰ ਉਸ ਜੋਖਮ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਜੋ ਅਪਰਾਧੀ ਜੇਲ੍ਹ ਵਿੱਚ ਹੋਣ ਦੌਂਰਾਨ ਪੇਸ਼ ਕਰ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਲਿੰਗੀ ਹਮਲਾ ਜਿਆਦਾ ਜਾਂ ਘੱਟ ਗੰਭੀਰ ਸੀ।

*ਅਪੀਲਾਂ:*

ਮੁਲਜ਼ਮ ਜਾਂ ਸਰਕਾਰੀ ਵਕੀਲ ਉਪਰਲੀ ਅਦਾਲਤ ਨੂੰ ਇੱਕ ਜੱਜ ਦੁਆਰਾ ਬਰੀ ਕੀਤੇ ਜਾਣ, ਦੋਸ਼ ਸਿਧੀ (conviction) ਜਾਂ ਦਿੱਤੀ ਗਈ ਸਜ਼ਾ ਦੀ ਸਮੀਖਿਆ ਕਰਨ ਲਈ ਕਹਿ ਸਕਦਾ ਹੈ। ਇਹ ਸਜ਼ਾ ਸੁਣਾਏ ਜਾਣ ਦੇ 30 ਦਿਨਾਂ ਦੇ ਅੰਦਰ ਕੀਤਾ ਜਾਣਾ ਚਾਹੀਦਾ ਹੈ।

ਜੇ ਉਪਰਲੀ ਅਦਾਲਤ ਅਪੀਲ ਸੁਣਨ ਲਈ ਤਿਆਰ ਹੁੰਦੀ ਹੈ, ਤਾਂ ਜੱਜ ਮੂਲ ਅਦਾਲਤ ਦੇ ਫੈਸਲੇ, ਸਜ਼ਾ ਨੂੰ ਬਦਲ ਸਕਦੀ ਹੈ ਜਾਂ ਪੂਰੇ ਨਵੇਂ ਮੁਕੱਦਮੇ ਦਾ ਹੁਕਮ ਦੇ ਸਕਦੀ ਹੈ। ਤੁਹਾਨੂੰ ਅਪੀਲ ਅਦਾਲਤ ਵਿੱਚ ਗਵਾਹੀ ਨਹੀਂ ਦੇਣੀ ਪੈਂਦੀ ਹੈ। ਤੁਹਾਨੂੰ ਤਾਂ ਹੀ ਮੁੜ ਕੇ ਗਵਾਹੀ ਦੇਣ ਲਈ ਬੁਲਾਇਆ ਜਾਏਗਾ ਜੇ ਇੱਕ ਨਵੇਂ ਮੁਕੱਦਮੇ ਦਾ ਹੁਕਮ ਦਿੱਤਾ ਜਾਂਦਾ ਹੈ।

## ਪੈਰੋਲ ਕੀ ਹੈ?

ਜਿਆਦਾਤਰ ਅਪਰਾਧੀ ਆਪਣੀ ਸਜ਼ਾ ਦਾ ਇੱਕ ਤਿਹਾਈ ਹਿੱਸਾ ਕੱਟਣ ਜਾਂ ਸੱਤ ਸਾਲ, ਜੋ ਵੀ ਪਹਿਲਾਂ ਆਉਂਦਾ ਹੈ, ਤੋਂ ਬਾਅਦ ਜੇਲ੍ਹ ਤੋਂ ਜਲਦੀ ਰਿਹਾਈ ਵਾਸਤੇ ਬੇਨਤੀ ਕਰ ਸਕਦੇ ਹਨ। ਇੱਕ ਪੈਰੋਲ ਬੋਰਡ, ਅਪਰਾਧੀ ਦੇ ਵਿਵਹਾਰ ਅਤੇ ਪੂਰੇ ਕੀਤੇ ਗਏ ਪ੍ਰੋਗਰਾਮ ਜਾਂ ਇਲਾਜ ਦੇ ਅਧਾਰ ਤੇ ਫੈਸਲਾ ਕਰੇਗਾ ਕਿ

ਪੈਰੋਲ ਲਈ ਅਪਰਾਧੀ ਦੀ ਬੇਨਤੀ ਨੂੰ ਮਨਜ਼ੂਰ ਕਰਨਾ ਹੈ ਜਾਂ ਨਹੀਂ। ਪੈਰੋਲ ਲਈ ਇਨਕਾਰ ਕੀਤੇ ਗਏ ਅਪਰਾਧੀ ਹਰ ਦੋ ਸਾਲ ਬਾਅਦ ਮੁੜ ਕੇ ਬੇਨਤੀ ਕਰ ਸਕਦੇ ਹਨ।

ਫੈਡਰਲ ਜੇਲ੍ਹ ਸਿਸਟਮ ਵਿਚਲੇ ਕਈ ਅਪਰਾਧੀਆਂ ਨੂੰ ਆਪਣੀ ਸਜ਼ਾ ਦਾ ਇੱਕ ਤਿਹਾਈ ਹਿੱਸਾ ਕੱਟਣ ਤੋਂ ਬਾਅਦ ਪੈਰੋਲ ਵਾਸਤੇ ਬੇਨਤੀ ਕਰਨ ਦੀ ਆਗਿਆ ਨਹੀਂ ਹੁੰਦੀ। ਇੰਨ੍ਹਾਂ ਕੇਸਾਂ ਵਿੱਚ, ਜੇ ਅਪਰਾਧੀ ਨੂੰ ਪੈਰੋਲ ਵਾਸਤੇ ਬੇਨਤੀ ਕਰਨ ਦੀ ਆਗਿਆ ਹੈ ਤਾਂ ਜੱਜ ਸਜ਼ਾ ਸੁਣਾਏ ਜਾਣ ਦੇ ਦੌਰਾਨ ਉਸ ਤਰੀਕ ਦਾ ਫੈਸਲਾ ਕਰੇਗਾ।

ਜੇ ਅਪਰਾਧੀ ਲਈ ਪੈਰੋਲ ਦੀ ਮਨਜ਼ੂਰ ਦੇ ਦਿੱਤੀ ਜਾਂਦੀ ਹੈ, ਇਸ ਦਾ ਮਤਲਬ ਇਹ ਨਹੀਂ ਹੈ ਕਿ ਅਪਰਾਧੀ ਨਿਗਰਾਨੀ ਤੋਂ ਬਿਨਾਂ ਆਜ਼ਾਦ ਹੈ। ਅਪਰਾਧੀ ਨੂੰ ਜੇਲ੍ਹ ਤੋਂ ਰਿਹਾ ਕਰ ਦਿੱਤਾ ਜਾਏਗਾ ਅਤੇ ਉਹ ਉਨ੍ਹਾਂ ਦੀ ਬਾਕੀ ਦੀ ਸਜ਼ਾ ਨਿਸ਼ਚਿਤ ਸ਼ਰਤਾਂ ਹੇਠ ਅਤੇ ਇੱਕ ਪ੍ਰੋਬੇਸ਼ਨ ਅਫਸਰ ਦੀ ਨਿਗਰਾਨੀ ਹੇਠ ਕਮਿਊਨਿਟੀ ਵਿੱਚ ਕੱਟਣਗੇ।

## ਅਪਰਾਧੀ ਨੂੰ ਜੇਲ੍ਹ ਤੋਂ ਕਦੋਂ ਰਿਹਾ ਕੀਤਾ ਜਾਏਗਾ?

ਜਿਆਦਾਤਰ ਅਪਰਾਧੀ ਆਪਣੀ ਪੂਰੀ ਸਜ਼ਾ ਜੇਲ੍ਹ ਵਿੱਚ ਨਹੀਂ ਕੱਟਣਗੇ। ਜਿਆਦਾਤਰ ਕੇਸਾਂ ਵਿੱਚ, ਅਪਰਾਧੀ ਨੂੰ ਸਜ਼ਾ ਦਾ ਕੁਝ ਹਿੱਸਾ ਕੱਟਣ ਤੋਂ ਬਾਅਦ ਜੇਲ੍ਹ ਤੋਂ ਪੈਰੋਲ ਤੇ ਰਿਹਾ ਕਰ ਦਿੱਤਾ ਜਾਏਗਾ। ਤੁਸੀਂ ਅਪਰਾਧੀ ਦੀ ਰਿਹਾਈ ਅਤੇ ਪੈਰੋਲ ਸੁਣਵਾਈ ਬਾਰੇ ਸੂਚਿਤ ਕੀਤੇ ਜਾਣ ਲਈ ਬੇਨਤੀ ਕਰ ਸਕਦੇ ਹੋ।

ਜੇ ਅਪਰਾਧੀ "ਪ੍ਰਾਂਤੀਏ ਜੇਲ੍ਹ" ਵਿੱਚ ਸਜ਼ਾ ਕੱਟ ਰਿਹਾ ਹੈ - ਤੁਸੀਂ 416- 314- 2447 ਜਾਂ 1 - 888-579-2888 ਤੇ ਟੋਲ ਫ੍ਰੀ ਫੋਨ ਕਰਕੇ ਆਪਣੇ ਆਪ ਨੂੰ ਵਿਕਟਮ ਨੋਟੀਫੀਕੇਸ਼ਨ ਸਿਸਟਮ (Victim Notification System) ਦੇ ਨਾਲ ਰਜਿਸਟਰ ਕਰਵਾ ਸਕਦੇ ਹੋ। ਵਿਕਟਮ ਨੋਟੀਫੀਕੇਸ਼ਨ ਸਰਵਿਸ ਲਈ ਵਿਕਲਪ ਚੁਣੋ।

ਜੇ ਅਪਰਾਧੀ "ਫੈਡਰਲ ਜੇਲ੍ਹ" ਵਿੱਚ ਸਜ਼ਾ ਕੱਟ ਰਿਹਾ ਹੈ - ਤੁਸੀਂ 1 - 800- 518- 8817 ਤੇ ਟੋਲ ਫ੍ਰੀ ਫੋਨ ਕਰਕੇ ਆਪਣੇ ਆਪ ਨੂੰ ਨੈਸ਼ਨਲ ਪੈਰੋਲ ਬੋਰਡ (National Parole Board) ਦੇ ਨਾਲ ਰਜਿਸਟਰ ਕਰਵਾ ਸਕਦੇ ਹੋ।

ਇਹ ਯਕੀਨੀ ਬਣਾਉਣ ਲਈ ਕਿ ਤੁਹਾਨੂੰ ਪੈਰੋਲ ਦੀਆਂ ਸੁਣਵਾਈਆਂ ਜਾਂ ਜੇ ਅਪਰਾਧੀ ਨੂੰ ਟਰਾਂਸਫਰ ਜਾਂ ਰਿਹਾ ਕੀਤਾ ਜਾਂਦਾ ਹੈ ਬਾਰੇ ਸੂਚਿਤ ਕੀਤਾ ਜਾਂਦਾ ਹੈ, ਕਰੈਕਸ਼ਨਲ ਸਰਵਿਸ ਕੈਨੇਡਾ (Correctional Service Canada) ਦੇ ਵਿਕਟਮ ਸਰਵਿਸਿਜ਼ ਯੂਨਿਟ ਨੂੰ 1- 866 - 806- 2275 ਤੇ ਟੋਲ ਫ੍ਰੀ ਫੋਨ ਕਰੋ।

## *ਕਨੇਡੀਅਨ ਵਿਕਟਮਜ਼ ਬਿਲ ਆਫ ਰਾਇਟਸ (ਸੀਵੀਬੀਆਰ) ਕੀ ਹੈ?*

ਕਨੇਡੀਅਨ ਵਿਕਟਮਜ਼ ਬਿਲ ਆਫ ਰਾਇਟਸ (ਸੀਵੀਬੀਆਰ) ਅਜਿਹੇ ਸਿਧਾਂਤਾਂ ਦਾ ਸੈੱਟ ਹੈ ਜਿਹੜੇ ਸੇਧ ਦਿੰਦੇ ਹਨ ਕਿ ਫੌਜਦਾਰੀ ਨਿਆਂ ਪ੍ਰਕਿਰਿਆ ਦੇ ਵੱਖ ਵੱਖ ਪੜਾਆਂ ਤੇ ਜੁਰਮ ਦੇ ਸ਼ਿਕਾਰਾਂ ਦੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਣਾ ਚਾਹੀਦਾ ਹੈ।

ਇਸ ਐਕਟ ਦੇ ਅਨੁਸਾਰ, ਇੱਕ ਸ਼ਿਕਾਰ ਨੂੰ ਅਜਿਹੇ ਵਿਅਕਤੀ ਦੀ ਤਰ੍ਹਾਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜਿਸ ਨੇ ਇੱਕ ਜੁਰਮ ਦੇ ਨਤੀਜੇ ਵਜੋਂ ਸਰੀਰਕ ਜਾਂ ਭਾਵਨਾਤਮਕ ਨੁਕਸਾਨ, ਸੰਪਤੀ ਦਾ ਨੁਕਸਾਨ ਜਾਂ ਆਰਥਿਕ ਨੁਕਸਾਨ ਝੱਲਿਆ ਹੈ।ਸੀਵੀਬੀਆਰ (CVBR) ਜੁਰਮ ਦੇ ਸ਼ਿਕਾਰਾਂ ਦੇ ਲਈ ਹੇਠਾਂ ਦਿੱਤੇ ਕਾਨੂੰਨੀ ਹੱਕ ਮੁਹੱਈਆ ਕਰਦਾ ਹੈ:

- ਜਾਣਕਾਰੀ ਦਾ ਹੱਕ (The Right to Information)
- ਭਾਗੀਦਾਰੀ ਦਾ ਹੱਕ (The Right to Participation)
- ਰੱਖਿਆ ਦਾ ਹੱਕ (The Right to Protection)
- ਮੁਆਵਜ਼ੇ ਦਾ ਹੱਕ (The Right to Restitution)

ਕਨੇਡੀਅਨ ਵਿਕਟਮਜ਼ ਬਿਲ ਆਫ ਰਾਇਟਸ ਬਾਰੇ ਹੋਰ ਜਾਣਕਾਰੀ ਲਈ ਤੁਸੀਂ www.canada.ca ਤੇ "ਵਿਕਟਮਜ਼ ਆਫ ਕ੍ਰਾਇਮ" ਸਰਚ ਕਰ ਸਕਦੇ ਹੋ।

## ਕੀ ਮੈਂ ਕੋਈ ਵੀ ਮਾਲੀ ਮੁਆਵਜ਼ੇ ਲਈ ਯੋਗ ਹਾਂ?

ਲਿੰਗੀ ਹਮਲੇ ਦੇ ਬਚੇ ਹੋਏ ਸ਼ਿਕਾਰ ਵਜੋਂ, ਮਾਲੀ ਮੁਆਵਜ਼ੇ ਸੰਬੰਧੀ ਕੁਝ ਵਿਕਲਪ ਉਪਲਬਧ ਹਨ, ਹੇਠਾਂ ਸੂਚੀਬੱਧ ਕੀਤੇ ਗਏ ਹਨ।

### *ਵਿਕਟਮ ਕਵਿਕ ਰਿਸਪੌਂਸ ਪ੍ਰੋਗਰਾਮ (ਵੀਕਿਊਆਰਪੀ) (Victim Quick Response Program (VQRP))*

Ministry of Attorney General c/o Victim Services Branch, (ਮਨਿਸਟਰੀ ਆਫ਼ ਅਟੌਰਨੀ ਜਰਨਲ c/o ਵਿਕਟਿਮ ਸਰਵਿਸਿਜ਼ ਬਰਾਂਚ)
Victim Services Toronto
416-808-7066

ਵੀਕਿਊਆਰਪੀ (VQRP) ਲਿੰਗੀ ਹਮਲੇ ਦੇ ਅਜਿਹੇ ਸ਼ਿਕਾਰਾਂ ਲਈ ਸਮੇਂ ਦੀ ਛੋਟੀ ਮਿਆਦ ਵਾਸਤੇ ਸਹਾਇਤਾ ਮੁਹੱਈਆ ਕਰਦਾ ਹੈ ਜਿਹੜੇ ਪੁਲਿਸ, ਸੇਕਸ਼ੂਅਲ ਅਸੌਲਟ ਸੈਂਟਰ, ਹਸਪਤਾਲ ਅਤੇ/ਜਾਂ ਦੂਸਰੀ ਏਜੰਸੀ ਕੋਲ ਜਾਂਦੇ ਹਨ।

ਹੋਰ ਜਾਣਕਾਰੀ ਲਈ ਜਾਂ ਯੋਗਤਾ ਸੰਬੰਧੀ ਸੇਧਾਂ ਦੀ ਸਮੀਖਿਆ ਕਰਨ ਲਈ ਕਿਰਪਾ ਕਰਕੇ 416 - 808-7066 ਤੇ ਵਿਕਟਮ ਸਰਵਿਸਿਜ਼ ਟੋਰੋਂਟੋ ਨਾਲ ਸੰਪਰਕ ਕਰੋ।

*Criminal Injuries Compensation Board (CICB) (ਕ੍ਰਿਮਿਨਲ ਇੰਜਰੀਜ਼ ਕੰਮਪੇਨਸ਼ੇਸ਼ਨ ਬੋਰਡ (ਸੀਆਈਸੀਬੀ))*

www.cicb.gov.on.ca
1-800-372-7463

ਸੀਆਈਸੀਬੀ (CICB) ਅਜਿਹੇ ਸ਼ਿਕਾਰਾਂ ਲਈ ਮਾਲੀ ਮੁਆਵਜ਼ਾ ਮੁਹੱਈਆ ਕਰਦਾ ਹੈ ਜਿਹੜੇ ਲਿੰਗੀ ਹਮਲੇ ਸਮੇਤ, ਓਨਟਾਰਿਓ ਵਿੱਚ ਹਿੰਸਕ ਜੁਰਮਾਂ ਦੁਆਰਾ ਜ਼ਖਮੀ ਹੋਏ ਹਨ। ਮੁਆਵਜ਼ਾ ਤਾਂ ਵੀ ਦਿੱਤਾ ਜਾ ਸਕਦਾ ਹੈ ਜੇਕਰ ਕੋਈ ਆਰੋਪ ਨਹੀਂ ਲਗਾਏ ਗਏ ਸੀ ਜਾਂ ਫੌਜਦਾਰੀ ਕਾਰਵਾਈ ਵਿੱਚ ਦੋਸ਼ ਸਿਧੀ ਨਹੀਂ ਹੋਈ ਸੀ। ਸੀਆਈਸੀਬੀ (CICB) ਮੈਡੀਕਲ, ਥੈਰੇਪੀ ਅਤੇ/ਜਾਂ ਸਲਾਹ ਮਸ਼ਵਰੇ ਸੰਬੰਧੀ ਖਰਚਿਆਂ ਦੇ ਨਾਲ ਨਾਲ ਕਮਾਈ ਦੇ ਨੁਕਸਾਨ, ਦਰਦ ਅਤੇ ਸੱਟਾਂ ਦਾ ਸ਼ਿਕਾਰ ਹੋਣ ਲਈ ਅਤੇ/ਜਾਂ ਲਿੰਗੀ ਹਮਲੇ ਦੇ ਨਤੀਜੇ ਵਜੋਂ ਪੈਦਾ ਹੋਏ ਬੱਚੇ ਦੇ ਸਹਾਰੇ ਵਾਸਤੇ ਮੁਆਵਜ਼ਾ ਦੇ ਸਕਦਾ ਹੈ।

## ਮੈਂ ਟੋਰੋਂਟੋ ਵਿੱਚ ਸਹਾਇਤਾ ਅਤੇ ਸਲਾਹ ਮਸ਼ਵਰਾ ਕਿਥੇ ਲੱਭ ਸਕਦੀ/ਦਾ ਹਾਂ ?

ਤੁਹਾਡੇ ਲਈ ਲਿੰਗੀ ਹਮਲੇ ਤੋਂ ਬਾਅਦ, ਛਾਣਬੀਣ ਦੇ ਦੌਰਾਨ ਅਤੇ ਮੁਕੱਦਮੇ ਤੋਂ ਬਾਅਦ ਅਨੇਕ ਸਾਧਨ ਉਪਲਬਧ ਹਨ। ਟੋਰੋਂਟੋ ਪੁਲਿਸ ਸਰਵਿਸ ਕਈ ਏਜੰਸੀਆਂ ਦੇ ਨਾਲ ਇਹ ਯਕੀਨੀ ਬਣਾਉਣ ਵਾਸਤੇ ਕੰਮ ਕਰਦੀ ਹੈ ਕਿ ਕਿਸੇ ਵੀ ਅਜਿਹੇ ਵਿਅਕਤੀ ਲਈ ਸਮਰਥਨ ਮੌਜੂਦ ਹੈ ਜਿਸ ਨੂੰ ਉਸ ਦੀ ਲੋੜ ਹੈ। ਇੰਨਾਂ ਸਮਰਥਨ ਏਜੰਸੀਆਂ ਵਿੱਚ ਕੰਮ ਕਰਨ ਵਾਲੇ ਲੋਕ ਅਫਸਰ ਨਹੀਂ ਹਨ।

*ਵਿਕਟਮ ਸਰਵਿਸਿਜ਼ ਟੋਰੋਂਟੋ*

ਵਿਕਟਮ ਸਰਵਿਸਿਜ਼ ਟੋਰੋਂਟੋ ਜੁਰਮ ਦੇ ਬਚੇ ਹੋਏ ਸ਼ਿਕਾਰਾਂ ਦੀ ਸਹਾਇਤਾ ਕਰਨ ਪ੍ਰਤੀ ਸਮਰਪਿਤ ਗੈਰ-ਮੁਨਾਫਾ, ਖੈਰਾਤੀ ਸੰਸਥਾ ਹੈ। ਉਹ ਜਵਾਬਦੇਹ, ਪਹੁੰਚਯੋਗ ਅਤੇ ਉੱਤਰਦਾਈ ਪ੍ਰੋਗਰਾਮ ਅਤੇ ਸੇਵਾਵਾਂ ਮੁਹੱਈਆ ਕਰਦੇ ਹਨ। ਉਹ ਬਚੇ ਹੋਏ ਸ਼ਿਕਾਰ ਦੇ ਜੀਵਨ ਦੀ ਗੁਣਵੱਤਾ ਨੂੰ ਮੁੜ ਕੇ ਬਹਾਲ ਕਰਨ ਅਤੇ ਵਧਾਉਣ ਅਤੇ ਉਨ੍ਹਾਂ ਦੇ ਮੁੜ ਕੇ ਸ਼ਿਕਾਰ ਬਣਨ ਨੂੰ ਰੋਕਣ ਤੇ ਫੋਕਸ ਕਰਦੇ ਹਨ।
ਫੌਰੀ ਆਨ-ਸਾਇਟ ਸਹਾਰਾ ਅਤੇ 24/7 ਚੱਲਣ ਵਾਲੀ, ਸੰਕਟ ਸਮੇਂ ਦਖਲ ਮੌਜੂਦ ਹੈ। ਉਹ ਤੁਹਾਨੂੰ ਸਲਾਹ ਮਸ਼ਵਰੇ, ਵਕਾਲਤ, ਹਿੰਸਾ ਦੀ ਰੋਕਥਾਮ, ਸੁਰੱਖਿਆ ਸੇਵਾਵਾਂ ਅਤੇ ਆਉਟਰੀਚ ਲਈ ਤੁਹਾਡੀ ਸਥਾਨਕ ਕਮਿਊਨਿਟੀ ਵਿੱਚ ਏਜੰਸੀਆਂ ਅਤੇ ਸਾਧਨਾਂ ਦੇ ਨਾਲ ਜੋੜਨਗੇ।

40 College Street
Toronto, Ontario, M5G 2J3
416-808-7066

ਈਮੇਲ : info@victimservicestoronto.com
ਵੈੱਬਸਾਇਟ: www.victimservicestoronto.com

*ਵਿਕਟਮ ਵਿਟਨਸ ਅਸਿਸਟੈਂਸ ਪ੍ਰੋਗਰਾਮ ( ਵੀਡਬਲਿਊਏਪੀ)*

ਵੀਡਬਲਿਊਏਪੀ (VWAP) ਜੁਰਮ ਦੇ ਸਾਰੇ ਬਚੇ ਹੋਏ ਸ਼ਿਕਾਰਾਂ ਅਤੇ ਗਵਾਹਾਂ ਲਈ ਅਦਾਲਤ ਦੀ ਕਾਰਵਾਈ ਨਾਲ ਸੰਬੰਧਤ ਜਾਣਕਾਰੀ, ਸਹਾਇਤਾ ਅਤੇ ਸਹਾਰਾ ਮੁੱਹਈਆ ਕਰਦਾ ਹੈ। ਵੀਡਬਲਿਊਏਪੀ (VWAP) ਪ੍ਰਾਂਤ ਭਰ ਵਿੱਚ ਸਾਰੇ ਕੋਰਟਹਾਉਸਾਂ ਵਿੱਚ ਸਥਿਤ ਹੈ। ਵੀਡਬਲਿਊਏਪੀ (VWAP) ਵਾਲੇ ਸਭ ਤੋਂ ਨਜ਼ਦੀਕੀ ਕੋਰਟਹਾਉਸ ਨੂੰ ਲੱਭਣ ਲਈ, ਟੇਲੀਫੋਨ ਬੁਕ ਦੇਖੋ (ਸਾਰੇ ਕੋਰਟਹਾਉਸ ਬਲੂ ਪੇਜਾਂ ਵਿੱਚ "ਕੋਰਟਸ" ਦੇ ਹੇਠ ਸੂਚੀਬੱਧ ਹਨ)। ਤੁਸੀਂ ਮਨਿਸਟਰੀ ਆਫ ਅਟੌਰਨੀ ਜਨਰਲ ਦੀ ਵੈੱਬਸਾਇਟ ਵੀ ਦੇਖ ਸਕਦੇ ਹੋ www.ontario.ca/attorneygeneral

*ਸਿਵਲ ਸੇਕਸ਼ੁਅਲ ਅਸੌਲਟ ਲੌਇਰ (Civil Sexual Assault Lawyer)*

ਅਜਿਹੇ ਵਕੀਲ ਹਨ ਜਿਹੜੇ ਬਚਪਨ ਦੇ ਲਿੰਗੀ ਦੁਰਵਿਹਾਰ ਅਤੇ ਬਾਲਗ ਲਿੰਗੀ ਹਮਲੇ ਦੇ ਬਚੇ ਹੋਏ ਸ਼ਿਕਾਰਾਂ ਤੇ ਧਿਆਨ ਕੇਂਦਰਿਤ ਕਰਦੇ ਹਨ। ਸਿਵਲ ਸੇਕਸ਼ੂਅਲ ਅਸੌਲਟ ਲੌਇਰ ਪ੍ਰਾਪਤ ਕਰਨ ਦਾ ਉਦੇਸ਼ ਮਾਲੀ ਮੁਆਵਜ਼ਾ ਹੈ। ਤੁਸੀਂ ਅਪਰਾਧੀ ਤੇ ਦਾਅਵਾ ਕਰ ਸਕਦੇ ਹੋ ਅਤੇ ਤੁਸੀਂ ਇੱਕ ਸੰਸਥਾ ਤੇ ਦਾਅਵਾ ਕਰ ਸਕਦੇ ਹੋ ਜੇਕਰ ਇੱਕ ਸ਼ਾਮਲ ਸੀ।

ਟੋਰੋਂਟੋ ਪੁਲਿਸ ਸਰਵਿਸ ਕਿਸੇ ਖਾਸ ਵਕੀਲ ਦੀ ਸਿਫਾਰਸ਼ ਨਹੀਂ ਕਰ ਸਕਦੀ ਹੈ। ਜੇ ਤੁਸੀਂ ਇੱਕ ਵਕੀਲ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਇਸ ਪੁਸਤਿਕਾ ਵਿੱਚ ਸੂਚੀਬੱਧ ਕਿਸੀ ਵੀ ਸਾਧਨ ਨੂੰ ਦੇਖ ਸਕਦੇ ਹੋ ਜਾਂ ਹੇਠਾਂ ਸੂਚੀਬੱਧ ਏਜੰਸੀਆਂ ਨਾਲ ਸੰਪਰਕ ਕਰ ਸਕਦੇ ਹੋ। ਜੇ ਮੁਲਜ਼ਮ ਨੂੰ ਫੌਜਦਾਰੀ ਕਾਰਵਾਈ ਵਿੱਚ ਗੁਨਾਹਗਾਰ ਨਹੀਂ ਪਾਇਆ ਜਾਂਦਾ ਹੈ, ਤੁਸੀਂ ਫਿਰ ਵੀ ਮਾਲੀ ਮੁਆਵਜ਼ੇ ਲਈ ਇੱਕ ਸਿਵਲ ਵਕੀਲ ਦੇ ਨਾਲ ਅਗੇ ਵੱਧ ਸਕਦੇ ਹੋ।

*The Law Society of Upper Canada ( ਲਾਅ ਸੋਸਾਇਟੀ ਆਫ ਅਪਰ ਕੈਨੇਡਾ)*

The Lawyer Referral Service (ਲੌਇਰ ਰੈਫਰਲ ਸਰਵਿਸ)
416-947-3330
1-800-268-8326 (ਟੋਲ ਫ੍ਰੀ)
www.lsuc.on.ca

Ontario Trial Lawyers Association (ਓਨਟਾਰਿਓ ਟ੍ਰਾਇਲ ਲੌਇਰਜ਼ ਅਸੋਸੀਏਸ਼ਨ)
905-639-6852
1-800-567-3047 (ਟੋਲ ਫ੍ਰੀ)

www.otla.com

*ਸੰਕਟ ਲਾਇਨਾਂ*

2-1-1 ਤੇ ਫੋਨ ਕਰੋ
www.211toronto.ca

Toronto Rape Crisis Centre/Multicultural Women Against Rape (ਟੋਰੋਂਟੋ ਰੇਪ ਕ੍ਰਾਈਸਿਸ ਸੈਂਟਰ/ਮਲਟੀਕਲਚਰਲ ਵਿਮਿਨ ਅਗੇਂਸਟ ਰੇਪ)
24 ਘੰਟੇ ਦੀ ਸੰਕਟ ਲਾਇਨ: 416-597-88058
crisis@trccmcwar.ca

*ਮੈਡੀਕਲ*

Women's College Hospital (ਵਿਮਿਨਜ਼ ਕਾਲਜ ਹਸਪਤਾਲ)
Sexual Assault Domestic Violence Care Centre (ਸੇਕਸ਼ੂਅਲ ਅਸੌਲਟ ਡੋਮੇਸਟਿਕ ਵਾਇਓਲੈਂਸ ਕੇਅਰ ਸੈਂਟਰ)
76 Grenville Street
Toronto, Ontario M5S1B2
416 - 323- 6040
www.womenscollegehospital.ca/programs-and-services/sexual-assault-domestic-violence-care-centre

Scarborough Hospital Birchmount Campus ((ਸਕਾਰਬਰੋ ਹਸਪਤਾਲ - ਬਰਚਮਾਉਂਟ ਕੈਂਪਸ)
Sexual Assault Domestic Violence Care Centre (ਸੇਕਸ਼ੂਅਲ ਅਸੌਲਟ ਡੋਮੇਸਟਿਕ ਵਾਇਓਲੈਂਸ ਕੇਅਰ ਸੈਂਟਰ)
3030 Birchmount Road
Toronto, Ontario, M1W 3W3
416- 495 -2555
www.sacc.to

Sexual Assault/Domestic Violence Care Centre (SA/DVCC) (ਸੇਕਸ਼ੂਅਲ ਅਸੌਲਟ/ਡੋਮੇਸਟਿਕ ਵਾਇਓਲੈਂਸ ਕੇਅਰ ਸੈਂਟਰ (ਐਸਏ/ਡੀਵੀਸੀਸੀ))
(416) 314-2447
1 (888) 579-2888 (ਟੋਲ ਫ੍ਰੀ)
www.sadvtreatmentcentres.net

Sick Kids Hospital (ਸਿਕ ਕਿਡਜ਼ ਹਸਪਤਾਲ)
Suspected Child Abuse and Neglect (SCAN) Program (ਸਸਪੈਕਟਿਡ ਚਾਇਲਡ ਐਬਿਊਜ਼ ਐਂਡ ਨਿਗਲੈਕਟ (ਸਕੈਨ) ਪ੍ਰੋਗਰਾਮ)
555 University Avenue
Room 6427, Black Wing
Toronto, Ontario, M5G1X8
(416) 813-6275 (ਡੇ ਟਾਇਮ)
(416) 813-7500 (24 ਘੰਟੇ)
www.sickkids.ca/scan

Mount Sinai Hospital (ਮਾਊਂਟ ਸਾਏਨਾਏ ਹਸਪਤਾਲ)
Clinic for HIV Related Concerns (ਕਲੀਨਿਕ ਫਾਰ ਐਚਆਈਵੀ ਰਿਲੇਟਿਡ ਕੰਨਸਰਨਜ਼)
600 University Avenue, Room 963
Toronto, Ontario, M5G 1X5
(416) 586-4800 (ਐਕਸਟੈਨਸ਼ਨ 8714)
www.mountsinai.on.ca/care/psych/patient-programs/hiv-clinc

Mount Sinai Hospital (ਮਾਊਂਟ ਸਾਏਨਾਏ ਹਸਪਤਾਲ)
Trauma Clinic (ਟਰੌਮਾ ਕਲੀਨਿਕ)
600 University Avenue, Room 963
Toronto, Ontario, M5G 1X5
(416) 586-4800 (ਐਕਸਟੈਨਸ਼ਨ 8714)
www.mountsinai.on.ca/care/psych/patient-programs/trauma-clinic

## *ਸਲਾਹ ਮਸ਼ਵਰਾ*

Barbra Schlifer Clinic – Women Only (ਬਾਰਬਰਾ ਸ਼ਲਾਈਫਰ ਕਲੀਨਿਕ - ਸਿਰਫ ਔਰਤਾਂ)
489 College Street
Toronto, Ontario, M6G 1A5
416-323-9149
www.schliferclinic.com

Egale Canada Human Rights Trust (ਈਗੇਲ ਕੈਨੇਡਾ ਹਿਉਮਨ ਰਾਇਟਸ ਟ੍ਰਸਟ)

185 Carlton Street
Toronto, Ontario, M5A 2K7
416-906-7887
www.egale.ca

Elder Abuse Ontario (ਐਲਡਰ ਅਬਿਊਜ਼)
2 Billingham Road Suite 306
Toronto, Ontario, M9B 6E1
416-916-6728
www.elderabuseontario.com
info@elderabuseontario.com
Family Services Toronto (ਫੈਮਲੀ ਸਰਵਿਸਿਜ਼ ਟੋਰੋਂਟੋ)
128 A Sterling Road
Toronto, Ontario, M6P 0A1
(416) 595-9230
www.familyservicetoronto.org

Metropolitan Action Committee on Violence Against Women and Children (METRAC) – Women Only (ਮੈਟ੍ਰੋਪੌਲੀਟਨ ਐਕਸ਼ਨ ਕਮਿਟੀ ਆਨ ਵਾਇਓਲੈਂਸ ਅਗੇਂਸਟ ਵਿਮਿੰਨ ਐਂਡ ਚਿਲਡਰਨ - ਸਿਰਫ ਔਰਤਾਂ)
158 Spadina Road
Toronto, Ontario, M5R 2T8
(416) 392-3135
info@metrac.org
www.metrac.org

Scarborough Shoniker Clinic (ਸਕਾਰਬਰੋ ਸ਼ੋਨੀਕਰ ਕਲੀਨਿਕ)
2877A Ellesmere Road
Scarborough, Ontario, M1E 4C1
(416) 281-7301
www.rougevalley.ca/shoniker-clinic

Sherbourne Health Centre (ਸ਼ਰਬੌਰਨ ਹੈਲਥ ਸੈਂਟਰ)
333 Sherbourne Street
Toronto, Ontario, M5A 2S5
www.sherbourne.on.ca

info@sherbourne.on.ca

The Gatehouse (ਦ ਗੇਟਹਾਉਸ)
3101 Lake Shore Boulevard West
Toronto, Ontario, M8V 3W8
(416) 255-5900
www.thegathehouse.org

Toronto Rape Crisis Centre/Multicultural Women Against Rape (ਟੋਰੋਂਟੋ ਰੇਪ ਕ੍ਰਾਈਸਿਸ ਸੈਂਟਰ/ਮਲਟੀਕਲਚਰਲ ਵਿਮਿੰਨ ਅਗੇਂਸਟ ਰੇਪ)
(TRCC/MWAR) – Women Only (ਟੀਆਰਸੀਸੀ/ਐਮਡਬਲਿਊਏਆਰ -ਸਿਰਫ ਔਰਤਾਂ)
(416) 597-1171
www.trccmwar.ca
info@trccmcwar.ca

Toronto Trans Alliance (ਟੋਰੋਂਟੋ ਟਰਾਂਸ ਅਲਾਇੰਸ)
www.torontotransalliance.com

Boost CYAC (ਬੂਸਟ ਸੀਵਾਏਏਸੀ)
890 Yonge Street
Toronto, Ontario, M4W 3P4
(416) 515-1100
info@boostforkids.org
www.boostforkids.org

Covenant House (ਕੋਵੇਨੈਂਟ ਹਾਉਸ)
20 Gerrard Street East
Toronto, Ontario, M5B 2P3
416-598-4898
www.covenanthousetoronto.ca

East Metro Youth Services (ਈਸਟ ਮੈਟਰੋ ਯੂਥ ਸਰਵਿਸਿਜ਼)
1200 Markham Road
Scarborough, Ontario, M1H 3C3
416-438-3697
www.emys.on.ca

*ਸਭਿਆਚਾਰਕ ਤੌਰ ਤੇ ਵਿਸ਼ਿਸ਼ਟ*

Abrigo Centre (ਅਬ੍ਰੀਗੋ ਸੈਂਟਰ)
1645 Dufferin Street
Toronto, Ontario, M6H 3L9
416-534-3434
www.abrigo.ca

Butterfly Asian & Migrant Sex Workers Support Network (ਬਟਰਫਲਾਈ ਏਸ਼ੀਅਨ ਐਂਡ ਮਾਈਗ੍ਰੈਂਟ ਸੈੱਕਸ ਵਰਕਰਜ਼ ਸਪੋਰਟ ਨੈੱਟਵਰਕ)
416-906-3098
www.butterfly.sw.org
cswbutterfly@gmail.com

Centre francophone de Toronto (ਸੈਂਟਰ ਫ੍ਰੈਂਕੋਫੋਨ ਡੇ ਟੋਰੋਂਟੋ)
555 Richmond Street West
Toronto, Ontario, M5V 3B1
416-922-2672
www.centrefranco.org
infos@centrefranco.org

Chinese Family Services of Ontario (ਚਾਈਨੀਜ਼ ਫੈਮਲੀ ਸਰਵਿਸਿਜ਼ ਆਫ ਓਨਟਾਰਿਓ)
3330 Midland Avenue, Suite 229
Scarborough, Ontario, M1V 5E7
416-979-8299
www.chinesefamilyso.com
info@chinesefamilyso.com

Native Women's Resource Centre, Sexual Assault Care Centre – Women Only (ਨੇਟਿਵ ਵਿਮਿੰਨਜ਼ ਰਿਸੋਰਸ ਸੈਂਟਰ, ਸੇਕਸ਼ੁਅਲ ਅਸੌਲਟ ਕੇਅਰ ਸੈਂਟਰ - ਸਿਰਫ ਔਰਤਾਂ)
191 Gerrard Street East
Toronto, Ontario, M5A 3E5
416-963-9963
www.nwrct.ca
info@nwrct.ca

Rexdale Women's Centre – Women Only (ਰੈਕਸਡੇਲ ਵਿਮਿੰਨਜ਼ ਸੈਂਟਰ - ਸਿਰਫ ਔਰਤਾਂ)
925 Albion Road, Suite 309
Toronto, Ontario, M9V 1A6
416-745-0062
www.rexdalewomen.org

Riverdale Immigrant Women's Center – Women Only (ਰਿਵਰਡੇਲ ਇੰਮੀਗ੍ਰੇਂਟ ਵਿਮਿੰਨਜ਼ ਸੈਂਟਰ - ਸਿਰਫ ਔਰਤਾਂ)
1326 Gerrard Street East
Toronto, Ontario, M4L 1Z1
416-465-6021
www.riwc.ca

South Asian Legal Clinic of Ontario (ਸਾਉਥ ਏਸ਼ੀਅਨ ਲੀਗਲ ਕਲੀਨਿਕ ਆਫ ਓਨਟਾਰਿਓ)
45 Sheppard Avenue East Suite 106A
North York, Ontario, M2N 5W9
416-487-6371
www.salc.on.ca

South Asian Women's Centre – Women Only (ਸਾਉਥ ਏਸ਼ੀਅਨ ਵਿਮਿੰਨਜ਼ ਸੈਂਟਰ - ਸਿਰਫ ਔਰਤਾਂ)
800 Lansdowne Avenue Suite 1
Toronto, Ontario, M6H 4K3
416-537-2276
www.sawc.org
info@sawc.org

The Centre for Spanish Speaking Peoples (ਦ ਸੈਂਟਰ ਫਾਰ ਸਪੈਨਿਸ਼ ਸਪੀਕਿੰਗ ਪੀਪਲਜ਼)
2141 Jane Street, 2nd Floor
Toronto, Ontario, M3M 1A2
416-533-8545
www.spanishservices.org
info@spanishservices.org

The Centre OASIS des femmes – Women Only (ਦ ਸੈਂਟਰ ਫਾਰ ਔਏਸਿਸ ਡੇ ਫਾਮਜ਼ - ਸਿਰਫ ਔਰਤਾਂ)
465 Yonge Street
Toronto, Ontario, M4Y 1X0
416-591-6565
www.oasisfemmes.org
services@oasisfemmes.org

West Neighbourhood House (ਵੈਸਟ ਨੇਬਰਹੁੱਡ ਹਾਉਸ)
248 Ossington Avenue
Toronto, Ontario, M6J 3A2
416-532-4828
www.westnh.org
info@westnh.org

Women's Health in Women's Hands – Women Only (ਵਿਮਿੰਨਜ਼ ਹੈਲਥ ਇੰਨ ਵਿਮਿੰਨਜ਼ ਹੈਂਡਜ਼ - ਸਿਰਫ ਔਰਤਾਂ)
2 Carlton Street Suite 500
Toronto, Ontario, M5B 1J3
416-593-7655
www.whiwh.com
info@whiwh.com

### *ਦੂਸਰੇ ਸੰਸਾਧਨ*

Canadian Centre for Abuse Awareness (CCAA) (ਕਨੇਡੀਅਨ ਸੈਂਟਰ ਫਾਰ ਅਬਿਊਜ਼ ਅਵੇਅਰਨੈਸ - ਸੀਸੀਏਏ)
(905) 967-0687
www.abusehurts.ca

Courtprep (ਕੋਰਟਪ੍ਰੇਪ)
www.courtprep.ca

Victims Matter (ਵਿਕਟਮਜ਼ ਮੈਟਰ)
www.victimsmatter.gc.ca